World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews

INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS

NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

# ਕਿਸਾਨੀ ਮੋਰਚਿਆਂ ਤੋਂ ਪੁਲੀਸ ਕੇਸਾਂ ਦਾ ਦਲੇਰੀ ਨਾਲ ਮੁਕਾਬਲਾ ਕਰਨ ਦਾ ਸੱਦਾ

## ਹਾਕਮ ਧਿਰਾਂ ਦਾ ਕਿਸੇ ਵੀ ਤਰ੍ਹਾਂ ਦਾ ਜ਼ੁਲਮ ਅੰਦੋਲਨ ਨੂੰ ਫੇਲ੍ਹ ਨਹੀਂ ਕਰ ਸਕਦਾ: ਕਿਸਾਨ ਜਥੇਬੰਦੀਆਂ



ਚੰਡੀਗੜ੍ਹ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਸਵਾ ਸੌ ਤੋਂ ਵੱਧ ਥਾਵਾਂ ’ਤੇ ਚੱਲ ਰਹੇ ਧਰਨਿਆਂ ਦੌਰਾਨ ਆਗੂਆਂ ਨੇ ਸੰਘਰਸ਼ੀ ਮੋਰਚਿਆਂ ਤੋਂ ਕਿਸਾਨਾਂ ਨੇ ਹਕੂਮਤੀ ਜ਼ਬਰ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ ਹੈ। ਸਬੇ ਦੇ ਟੌਲ ਪਲਾਜ਼ਿਆਂ, ਰਿਲ-ਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨਾਂ ਨੇ ਕਿਹਾ ਕਿ ਕਿਸਾਨੀ ਅੰਦੋਲਨ ਨੂੰ ਫੇਲ੍ਹ ਕਰਨ ਲਈ ਹਾਕਮਾਂ ਵੱਲੋਂ ਪੁਲੀਸ ਕੇਸਾਂ ਦਾ ਡਰਾਵਾ ਸੰਘਰਸ਼ ਨੂੰ ਹੋਰ ਮਜ਼ਬੂਤੀ ਕਰੇਗਾ ਕਿਉਂਕਿ ਅੰਦੋਲਨਕਾਰੀ ਕਿਸਾਨ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਪਿਛਾਂਹ ਨਹੀਂ ਹਟਣਗੇ। ਕਿਸਾਨਾਂ ਨੇ ਚੰਡੀਗੜ੍ਹ ਪੁਲੀਸ ਵੱਲੋਂ ਦਰਜ ਕੀਤੇ ਗਏ ਕੇਸਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਦੇ ਕਿਸਾਨ ਆਪਣੀ ਰਾਜਧਾਨੀ ਵਿੱਚ ਵੀ ਨਹੀਂ ਜਾ ਸਕਦੇ ਤਾਂ ਇਸ ਤੋਂ ਵੱਡੀ ਨਾ-ਇਨਸਾਫ਼ੀ ਨਹੀਂ ਹੋ ਸਕਦੀ।

ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਚੰਡੀਗੜ੍ਹ ਪੁਲੀਸ ਨੇ ਇਹ ਕੇਸ ਤੁਰੰਤ ਰੱਦ ਨਾ ਕੀਤੇ ਤਾਂ ਮੂੰਹ ਤੋੜਵਾਂ ਜੁਆਬ ਦਿੱਤਾ ਜਾਵੇਗਾ।

ਸੰਯੁਕਤ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਵਿੱਚ ਝੋਨੇ ਦੀ ਲਵਾਈ ਦਾ ਕੰਮ ਲਗਭਗ ਅੰਤਿਮ ਪੜਾਅ ’ਤੇ ਹੈ ਅਤੇ ਕਿਸਾਨ ਆਪਣੇ ਕੰਮ-ਧੰਦੇ ਨਿਬੇੜਦਿਆਂ ਮੁੜ ਸੰਘਰਸ਼ ਨਾਲ ਜੁੜਨ ਲੱਗੇ ਹਨ। ਉਨ੍ਹਾਂ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਦੇ ਕਿਸਾਨ ਅੰਦੋਲਨ ਨੂੰ ਖਤਮ ਦੀ ਅਪੀਲ ਬਾਰੇ ਦਿੱਤੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਕਿਸਾਨਾਂ ਦੀਆਂ ਮੰਗਾਂ ਦਾ ਕੋਈ ਹੱਲ ਹੋਇਆ ਹੀ ਨਹੀਂ ਤਾਂ ਅੰਦੋਲਨ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ। ਬੁਲਾਰਿਆਂ ਨੇ ਕਿਹਾ ਕਿ ਕਿਸਾਨੀ ਅੰਦੋਲਨ ਇਤਿਹਾਸ ਵਿੱਚ ਆਪਣੀ ਸ਼ਾਨਾਂਮੱਤੀ ਤੇ ਵਿਲੱਖਣ ਥਾਂ ਸੁਰੱਖਿਅਤ ਕਰ ਚੁੱਕਾ ਹੈ। ਪੂਰੀ ਤਰ੍ਹਾਂ ਸ਼ਾਤਮਈ, ਵਿਆਪਕ ਤੇ ਇੰਨੇ ਲੰਮੇ ਸਮੇਂ ਤੱਕ ਚੱਲਣ ਵਾਲਾ ਇਹ ਅੰਦੋਲਨ ਸਿਰਫ ਰਾਸ਼ਟਰੀ ਹੱਦਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਅੰਤਰਰਾਸ਼ਟਰੀ ਮੰਚਾਂ ’ਤੇ ਵੀ ਇਸ ਦੀ ਚਰਚਾ ਹੈ। ਇਤਿਹਾਸ ਇਸ ਅੰਦੋਲਨ ਨੂੰ ਸੁਨਹਿਰੀ ਅੱਖਰਾਂ ਵਿੱਚ ਸਾਂਭ ਕੇ ਰੱਖੇਗਾ ਅਤੇ ਕਿਸਾਨ ਅੰਦੋਲਨ ਜਿੱਤ ਕੇ ਹੀ ਘਰਾਂ ਨੂੰ ਮੁੜਨਗੇ। ਆਗੂਆਂ ਨੇ ਕਿਹਾ ਕਿ ਨਾ ਸਿਰਫ ਖੇਤੀ ਅਤੇ ਕਿਰਤ ਕਾਨੂੰਨਾਂ ਕਾਰਨ, ਸਗੋਂ ਪਿਛਲੇ 7 ਸਾਲਾਂ ਵਿੱਚ ਕੇਂਦਰ ਸਰਕਾਰ ਵੱਲੋਂ ਲਏ ਹੋਰ ਲੋਕ ਵਿਰੋਧੀ ਫ਼ੈਸਲਿਆਂ ਕਾਰਨ ਦੇਸ਼ ਭਰ ਵਿੱਚ ਮੋਦੀ ਸਰਕਾਰ ਦਾ ਵਿਰੋਧ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਵਾਂਗ ਆਉਣ ਵਾਲੀਆਂ ਯੂਪੀ ਅਤੇ ਉੱਤਰਾਖੰਡ ਚੋਣਾਂ ਵਿੱਚ ਵੀ ਲੋਕ ਭਾਜਪਾ ਨੂੰ ਸਬਕ ਸਿਖਾਉਣਗੇ।

# ਪੈਨਲ ਮੀਟਿੰਗ ਤੈਅ ਹੋਣ ਮਗਰੋਂ ਪੀਆਰਟੀਸੀ ਤੇ ਪੰਜਾਬ ਰੋਡਵੇਜ਼ ਕਾਮਿਆਂ ਨੇ ਧਰਨਾ ਸਮਾਪਤ ਕਰਕੇ ਹੜਤਾਲ ਵਾਪਸ ਲਈ







**ਪਟਿਆਲਾ।** ਪਹਿਲੀ ਜੁਲਾਈ ਨੂੰ ਚੰਡੀਗੜ੍ਹ ਵਿੱਚ ਪੈਨਲ ਮੀਟਿੰਗ ਮੁਕੱਰਰ ਹੋਣ ਮਗਰੋਂ ਪੀਆਰਟੀਸੀ, ਪੰਜਾਬ ਰੋਡਵੇਜ਼ ਤੇ ਪਨਬੱਸ ਦੇ ਹੜਤਾਲੀ ਮੁਲਾਜ਼ਮਾਂ ਵੱਲੋਂ ਮੁੱਖ ਮੰਤਰੀ ਨਿਵਾਸ ਦੇ ਨੇੜੇ ਲਾਇਆ ਧਰਨਾ ਸਮਾਪਤ ਕਰ ਦਿੱਤਾ ਗਿਆ। ਪੀਆਰਟੀਸੀ ਪੰਜਾਬ ਰੋਡਵੇਜ਼ ਅਤੇ ਪਨਬੱਸ ਕੰਟਰੈਕਟਰ ਵਰਕਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਰੇਸ਼ਮ ਸਿੰਘ ਦੀ ਅਗਵਾਈ ਹੇਠਾਂ ਭਾਵੇ ਇਥੇ ਹਜ਼ਾਰਾਂ ਦੀ ਗਿਣਤੀ ਵਿੱਚ ਹੜਤਾਲੀ ਮੁਲਾਜ਼ਮ ਪੁੱਜੇ ਹੋਏ ਸਨ ਪਰ ਉਹ ਜ਼ਾਬਤੇ ਵਿੱਚ ਰਹੇ ਤੇ ਇੱਥੋਂ ਕਿਸੇ ਵੀ ਤਰ੍ਹਾਂ ਦੀ ਉਨ੍ਹਾਂ ਨੇ ਕੋਈ ਹੁਲੜਬਾਜ਼ੀ ਨਹੀਂ ਕੀਤੀ। ਉਂਜ ਇਨ੍ਹਾਂ ਹੜਤਾਲੀ ਮੁਲਾਜ਼ਮਾਂ ਦੇ ਵਧੇਰੇ ਇਕੱਠ ਨੂੰ ਭਾਂਪਦਿਆਂ ਇੱਥੇ ਐੱਸਪੀ ਸਿਟੀ ਵਰੁਣ ਸ਼ਰਮਾ ਆਈ ਪੀ ਐੱਸ ਅਤੇ ਐੱਸ ਪੀ ਟ੍ਰੈਫਿਕ ਤੇ ਸੁਰੱਖਿਆ ਪਲਵਿੰਦਰ ਸਿੰਘ ਚੀਮਾ ਦੀ ਅਗਵਾਈ ਹੇਠ ਭਾਰੀ ਪੁਲੀਸ ਫੋਰਸ ਤਾਇਨਾਤ ਸੀ ਜਿਸ ਦੌਰਾਨ ਡੀ ਐੱਸ ਪੀ ਯੋਗੇਸ਼ ਸ਼ਰਮਾ, ਸੌਰਵ ਜਿੰਦਲ, ਅਜੇਪਾਲ ਸਿੰਘ, ਜਸਵਿੰਦਰ ਸਿੰਘ ਟਿਵਾਣਾ ਸਮੇਤ ਕੁਝ ਹੋਰ ਉੱਚ ਅਧਿਕਾਰੀ ਮੌਜੂਦ ਸਨ ਜਦਕਿ ਹਰਜਿੰਦਰ ਢਿੱਲੋਂ, ਅੰਕੁਰਦੀਪ, ਹੈਰੀ ਬੋਪਾਰਾਏ, ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਭਿੰਡਰ ਸਮੇਤ ਕਈ ਹੋਰ ਥਾਣਾ ਮੁਖੀ ਵੀ ਆਪੋ ਆਪਣੇ ਥਾਣਿਆਂ ਦੀ ਪੁਲੀਸ ਸਮੇਤ ਇੱਥੇ




ਡਾਂਗਾਂ ਸੋਟੀਆਂ ਲੈ ਕੇ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਪੁਲੀਸ ਨੇ ਹੋਰ ਵੀ ਸੁਰੱਖਿਆ ਦੇ ਸਖ਼ਤ ਬੰਦੋਬ-ਸਤ ਕੀਤੇ ਹੋਏ ਸਨ ਭਾਵੇਂ ਕਿ ਸ਼ੁਰੂ ਵਿੱਚ ਦੋਵਾਂ ਧਿਰਾਂ ਦਰਮਿਆਨ ਟਕਰਾਅ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਸੀ ਪਰੰਤੂ ਅਜਿਹਾ ਨਹੀਂ ਹੋਇਆ। ਡੀਆਈਜੀ ਬਿਕਰਮਜੀਤ ਦੁੱਗਲ ਅਤੇ ਐੱਸਐੱਸਪੀ ਡਾ. ਸੰਦੀਪ ਗਰਗ ਨੇ ਜਿੱਥੇ ਆਪਣੀ ਪੁਲੀਸ ਫੋਰਸ ਦੀ ਪ੍ਰਸੰਸਾ ਕੀਤੀ ਉੱਥੇ ਹੀ ਹੜਤਾਲੀ ਮੁਲਾਜ਼ਮਾਂ ਵਿੱਚ ਜ਼ਾਬਤੇ ਵਿੱਚ ਰਹਿਣ ’ਤੇ ਵੀ ਤਸੱਲੀ ਦਾ ਪ੍ਰਗਟਾਵਾ ਕੀਤਾ। ਐਸਡੀਐੱਮ ਚਰਨਜੀਤ ਸਿੰਘ ਵੱਲੋਂ ਇਨ੍ਹਾਂ ਹੜਤਾਲੀ ਮੁਲਾਜ਼ਮਾਂ ਦੇ ਆਗੂਆਂ ਨੂੰ ਮੀਟਿੰਗ ਦੀ ਲਿਖਤੀ ਚਿੱਠੀ ਦੇਣ ਤੋਂ ਮਗਰੋਂ ਉਨ੍ਹਾਂ ਨੇ ਧਰਨਾ ਸਮਾਪਤ ਕਰ ਦਿੱਤਾ ਇਸੇ ਦੌਰਾਨ ਮੀਟਿੰਗ ਮੁਕੱਰਰ ਹੋਣ ਤੇ ਇਨ੍ਹਾਂ ਮੁਲਾਜ਼ਮਾਂ ਵੱਲੋਂ 30 ਜੂਨ ਨੂੰ ਕੀਤੀ ਜਾਣ ਵਾਲੀ ਹੜਤਾਲ ਵਾਪਸ ਲੈ ਲਈ। ਇਸ ਤੋਂ ਪਹਿਲਾਂ ਪੱਕੇ ਹੋਣ ਲਈ ਪੀਆਰਟੀਸੀ ਤੇ ਪੰਜਾਬ ਰੋਡਵੇਜ਼ ਦੇ ਠੇਕੇ ’ਤੇ ਅਧਾਰਤ ਹਜ਼ਾਰਾਂ ਮੁਲਜ਼ਮਾਂ ਨੇ ਅੱਜ ਦੂਜੇ ਦਿਨ ਪਟਿਆਲਾ ਸਥਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਨਿਊ ਮੋਤੀ ਬਾਗ ਪੈਲੇਸ ਦਾ ਘਿਰਾਓ ਕਰਨ ਤੋਂ ਪਹਿਲਾਂ ਫੁਹਾਰਾ ਚੌਕ ਵਿੱਚ ਜਾਮ ਲਗਾਇਆ। ਇਸ ਤੋਂ ਬਾਅਦ ਉਹ ਮਾਰਚ ਕਰਦੇ ਹੋਏ ਵਾਈਪੀਐੱਸ ਚੌਕ ਵਿੱਚ ਪਹੁੰਚੇ ਪਰ ਪਹਿਲਾਂ ਤੋਂ ਤਾਇਨਾਤ ਭਾਰੀ ਪੁਲੀਸ ਫੋਰਸ ਨੇ ਮੁਲਾਜ਼ਮਾਂ ਦੇ ਇਸ ਕਾਫਲੇ ਨੂੰ ਮੁੱਖ ਮੰਤਰੀ ਨਿਵਾਸ ਵੱਲ ਵਧਣ ਤੋਂ ਰੋਕ ਲਿਆ। ਹੜਤਾਲੀ ਮੁਲਾਜ਼ਮ ਗਰਮੀ ਦੇ ਬਾਵਜੂਦ ਤੱਤੀ ਸੜਕ ’ਤੇ ਹੀ ਧਰਨਾ ਮਾਰ ਕੇ ਬੈਠ ਗਏ। ਹੜਤਾਲੀ ਮੁਲਾਜ਼ਮਾਂ ਦੀ ਅਗਵਾਈ ਪੰਜਾਬ ਰੋਡਵੇਜ਼ ਪਨਬੱਸ ਕੰਟਰੈਕਟਰ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਵੱਲੋਂ ਕੀਤੀ ਗਈ।

OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER

SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਕਿਸਾਨ ਅੰਦੋਲਨ ਅਤੇ ਭਾਰਤੀ ਕਿਸਾਨੀ ਦਾ ਭਵਿੱਖ



ਭਾਰਤ ਵਿਚੋਂ ਰੁਖਸਤ ਹੋਣ ਤੋਂ ਪਹਿਲਾਂ ਅੰਗਰੇਜ਼ ਭਾਵੇਂ ਸਾਨੂੰ ਏਸ਼ੀਆ ਦਾ ਸਭ ਤੋਂ ਵੱਡਾ ਸਿੰਜਾਈ ਸਿਸਟਮ ਅਤੇ ਸਭ ਤੋਂ ਵੱਡਾ ਬਿਜਲੀ ਬੰਨ੍ਹ ਪ੍ਰਾਜੈਕਟ ਦੇ ਗਏ ਸਨ ਪਰ ਇਹ ਉਨ੍ਹਾਂ ਦੇ ਭਾਰਤੀ ਕਿਸਾਨੀ ਨੂੰ ਕੀਤੇ ਅਥਾਹ ਨੁਕਸਾਨ ਦੀ ਭਰਪਾਈ ਕਰਨ ਲਈ ਕਿਵੇਂ ਵੀ ਕਾਫੀ ਨਹੀਂ ਸਨ। ਆਜ਼ਾਦ ਭਾਰਤ ਨਿਸ਼ਚੇ ਹੀ ਭੁੱਖਮਰੀ ਦਾ ਸ਼ਿਕਾਰ ਸੀ ਅਤੇ ਖੇਤੀ ਮਾਡਲ ਅਜੇ ਵੀ ਉਹੀ ਸੀ ਜੋ ਸੈਂਕੜੇ ਸਾਲ ਪਹਿਲਾਂ ਪ੍ਰਚੱਲਤ ਸੀ। ਆਧੁਨਿਕ ਖੇਤੀ ਤਕਨੀਕ ਨਾਦਾਰਦ ਸੀ ਅਤੇ ਪ੍ਰਤੀ ਏਕੜ ਝਾੜ ਨਿਗੂਣਾ ਸੀ ਜਿਸ ਕਾਰਨ ਮੁਲਕ ਦੀ ਅੱਧੀਓਂ ਵੱਧ ਆਬਾਦੀ ਦਾ ਢਿੱਡ ਭਰਨ ਲਈ ਆਨਾਜ ਦੀ ਦਰਾਮਦ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ।

ਹਰੀ ਕ੍ਰਾਂਤੀ ਨੇ ਪੰਜਾਬ ਦੀ ਉਸ ਵੇਲੇ ਦੀ ਖੇਤੀ ਉੱਤੇ ਦੋ ਬੜੇ ਹੀ ਗਹਿਰੇ ਪ੍ਰਭਾਵ ਪਾਏ। ਪਹਿਲਾ ਸੀ, ਪੰਜਾਬ ਵਿਚ ਅੰਨ ਦੀ ਪੈਦਾਇਸ਼ ਪ੍ਰਤੀ ਏਕੜ ਢਾਈ ਗੁਣਾਂ ਹੋ ਗਈ ਅਤੇ ਦੂਸਰਾ, ਖੇਤੀ ਦਾ ਵੱਡੀ ਪੱਧਰ ਉੱਤੇ ਮਸ਼ੀਨੀਕਰਨ ਹੋ ਗਿਆ। ਖੇਤਾਂ ਦੇ ਸਰੂਪ ਬਦਲ ਗਏ। ਟੋਏ ਟਿੱਬੇ ਪੱਧਰ ਹੋਣੇ ਸ਼ੁਰੂ ਹੋ ਗਏ ਅਤੇ ਮਸਨੂਈ ਸਿੰਜਾਈ ਦਾ ਦੌਰ ਸ਼ੁਰੂ ਹੋ ਗਿਆ। ਨਵੇਂ ਲੋੜੀਂਦੇ ਖੇਤੀ ਉਪਕਰਨਾਂ ਦੀ ਮੰਗ ਵਧ ਗਈ ਅਤੇ ਇਨ੍ਹਾਂ ਵਸਤਾਂ ਦਾ ਉਤਪਾਦਨ ਹੋਰ ਵਧਾਉਣ ਦੀ ਜ਼ਰੂਰਤ ਨਾਲ ਨਵੀਂ ਸਨਅਤ ਹੋਂਦ ਵਿਚ ਆਉਣ ਲੱਗ ਪਈ। ਨਤੀਜੇ ਵਜੋਂ ਸਮੁੱਚੀ ਆਰਥਿਕਤਾ ਨਵੀਆਂ ਉਚਾਈਆਂ ਵੱਲ ਹੋ ਤੁਰੀ। ਇਹ ਸਮਾਂ ਭਾਰਤੀ ਖੇਤੀ ਦੇ ਸੁਨਹਿਰੀ ਬਦਲਾਓ ਦੇ ਦੌਰ ਦਾ ਹੋ ਨਿੱਬੜਿਆ ਪਰ ਆਨਾਜ ਖੇਤਰ ਵਿਚ ਆਤਮ-ਨਿਰਭਰ ਹੋਣ ਤੋਂ ਬਾਅਦ ਹੀ ਮਾਲੂਮ ਹੋਇਆ ਕਿ ਮੁਲਕ ਦੀ ਮੂਲ ਸਮੱਸਿਆ ਭੁੱਖਮਰੀ ਦਾ ਜ਼ਿਆਦਾ ਆਨਾਜ ਉਤਪਾਦਨ ਵੀ ਕੋਈ ਸੰਤੋਖਜਨਕ ਹੱਲ ਨਹੀਂ। ਮਸਲਾ ਤਾਂ ਭੁੱਖੇ ਪਰਿਵਾਰ ਦੇ ਚੁੱਲ੍ਹੇ ਤੱਕ ਅਨਾਜ ਪਹੁੰਚਾਉਣ ਅਤੇ ਗਰੀਬ ਦੀ ਅਨਾਜ ਖਰੀਦ ਸਮਰੱਥਾ ਵਧਾਉਣ ਦਾ ਸੀ। ਸਮੱਸਿਆ ਦੇ ਹੱਲ ਲਈ ਫਿਰ ਦੋ ਕੁਸ਼ਲ ਪ੍ਰਬੰਧ ਕੀਤੇ ਗਏ। ਭਾਰਤੀ ਖਾਧ ਨਿਗਮ ਨੂੰ ਵੱਧ ਤੋਂ ਵੱਧ ਅਨਾਜ ਸਰਕਾਰ ਵੱਲੋਂ ਮਿੱਥੇ ਭਾਅ ਜਿਸ ਨੂੰ ਘੱਟੋ-ਘੱਟ ਸਮਰਥਨ ਮੁੱਲ ਕਿਹਾ ਗਿਆ, ਉੱਤੇ ਖਰੀਦਣ ਅਤੇ ਭੰਡਾਰ ਕਰਨ ਦੇ ਹੁਕਮ ਅਤੇ ਲੋੜੀਂਦੇ ਪ੍ਰਬੰਧ ਕਰ ਦਿੱਤੇ ਗਏ। ਜਨਤਕ ਵੰਡ ਪ੍ਰਣਾਲੀ ਰਾਹੀਂ ਇਹ ਅਨਾਜ ਸਸਤੇ ਭਾਅ ਤੇ ਖਾਸਕਰ ਗਰੀਬਾਂ ਤੱਕ ਪਹੁੰਚਦਾ ਕਰਨ ਦੇ ਆਦੇਸ਼ ਦਿੱਤੇ ਗਏ। ਇਨਾਂ ਦੋਹਾਂ ਹੁਕਮਾਂ ਦਾ ਮੌਕੇ ਦੀ ਖੇਤੀ ਉੱਤੇ ਬੜਾ ਅਸਰ ਪਿਆ। ਫਸਲ ਦੀ ਵਿਕਰੀ ਅਤੇ ਕੀਮਤ ਨਿਸ਼ਚਿਤ ਹੋ ਗਏ, ਮੁਨਾਫਾ ਵਧ ਗਿਆ, ਬੇਫਿਕਰੀ ਹੋ ਗਈ ਅਤੇ ਉਤਪਾਦਨ ਵਧਾਉਣ ਲਈ ਹੱਲਾਸ਼ੇਰੀ ਵੀ ਮਿਲੀ। ਹੁਣ ਖੇਤੀ ਕਿੱਤੇ ਵੱਡੇ ਬਦਲਾਓ ਆ ਗਏ। ਜ਼ਮੀਨਾਂ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਗਈਆਂ। ਗੈਰ-ਹਾਜ਼ਰ ਜ਼ਮੀਨ ਮਾਲਕਾਂ ਦੀਆਂ ਜ਼ਮੀਨਾਂ ਹਿੱਸੇਦਾਰੀ ਦੀ ਬਜਾਇ ਠੇਕੇ ਤੇ ਲੱਗਣ ਲੱਗ ਪਈਆਂ। ਸਦੀਆਂ ਤੋਂ ਚਲਦਾ ਸੀਰ ਪ੍ਰਬੰਧ ਖਤਮ ਹੋ ਗਿਆ ਜਿਸ ਨਾਲ ਸਮਾਜ ਵਿਚ ਰਿਸ਼ਤਿਆਂ ਦਾ ਸਰੂਪ ਬਦਲ ਗਿਆ। ਸਮਰਥਨ ਮੁੱਲ ਉੱਤੇ ਸਿਰਫ ਕਣਕ ਅਤੇ ਝੋਨੇ ਦੀ ਹੀ ਖਰੀਦ ਹੋਣ ਕਾਰਣ ਫਸਲੀ ਵੰਨ-ਸਵੰਨਤਾ ਖਤਮ ਹੋਣ ਲੱਗ ਪਈ ਅਤੇ ਕਣਕ ਝੋਨੇ ਦਾ ਫਸਲ ਚੱਕਰ ਮਕਬੂਲ ਹੋ ਗਿਆ। ਮਾਰੂ ਅਤੇ ਬੰਜਰ ਜ਼ਮੀਨਾਂ ਲੱਗਭੱਗ ਖਤਮ ਹੋ ਗਈਆਂ, ਸਿੰਜਾਈ ਹੇਠ ਰਕਬਾ 90 ਫੀਸਦੀ ਤੋਂ ਵੀ ਵਧ ਹੋ ਗਿਆ ਅਤੇ ਸਿੰਜਾਈ ਫ਼ੀਸਦ 100 ਤੋਂ ਵਧਦੀ ਵਧਦੀ 200 ਦਾ ਅੰਕੜਾ ਛੂਹਣ ਲੱਗ ਪਈ।

20ਵੀਂ ਸਦੀ ਦੇ 90ਵਿਆਂ ਤੱਕ ਖੇਤੀ ਦੇ ਇਸ ਮਾਡਲ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਤੇ ਜ਼ਾਹਿਰ ਹੋਣ ਲੱਗ ਪਿਆ ਕਿ ਇਹ ਪਾਏਦਾਰ ਨਹੀਂ। ਇਸ ਦੇ ਕਈ ਕਾਰਨ ਸਨ। ਪਹਿਲਾ, ਖੇਤੀ ਲਈ ਲੋੜੀਂਦੀ ਇਨ-ਪੁਟਸ- ਮਸ਼ੀਨਰੀ, ਦਵਾਈਆਂ, ਖਾਦ, ਬੀਜ ਆਦਿ ਦਾ ਉਤਪਾਦਨ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਹੱਥ ਵਿਚ ਸੀ ਅਤੇ ਉਨ੍ਹਾਂ ਦੀ ਕੀਮਤ ਉਹ ਆਪਣੀ ਮਰਜ਼ੀ ਅਨੁਸਾਰ, ਅਕਸਰ ਉੱਚੀ ਹੀ ਤੈਅ ਕਰਦੀਆਂ ਸਨ। ਦੂਜੀ, ਹਰੀ ਕ੍ਰਾਂਤੀ ਦਾ ਮੰਤਵ ਹੱਲ ਹੋ ਗਿਆ ਸੀ। ਭਾਰਤ ਭਰ ਦੇ ਭੰਡਾਰ ਅਨਾਜ ਨਾਲ ਭਰੇ ਜਾ ਚੁੱਕੇ ਸਨ ਤੇ ਹੋਰ ਅਨਾਜ ਦੀ ਲੋੜ ਲਗਭਗ ਖਤਮ ਹੋ ਗਈ ਸੀ। ਤੀਜਾ, ਪੰਜਾਬ ਅਤੇ ਹਰਿਆਣਾ ਤੋਂ ਬਾਹਰ ਵੀ ਕਾਫੀ ਅਨਾਜ ਪੈਦਾ ਹੋਣ ਲੱਗ ਗਿਆ ਸੀ ਤੇ ਅਨਾਜ ਦੀ ਕਦਰ ਘਟ ਗਈ ਅਤੇ ਚੌਥਾ ਤੇ ਅਹਿਮ ਕਾਰਨ, ਮੁਲਕ ਵਿਚ ਕਾਫੀ ਅਨਾਜ ਹੋਣ ਦੇ ਬਾਵਜੂਦ ਆਬਾਦੀ ਦਾ ਕਰੀਬ ਇੱਕ ਚੌਥਾਈ ਹਿੱਸਾ ਭੁੱਖ ਨਾਲ ਜੂਝ ਰਿਹਾ ਸੀ ਅਤੇ ਇਹ ਸਸਤਾ ਆਨਾਜ ਖਰੀਦਣ ਦੇ ਵੀ ਸਮਰੱਥ ਨਹੀਂ ਰਹੀ। ਕਿਸਾਨ ਦਾ ਵੀ ਇਹੀ ਹਾਲ ਹੈ।

ਅਸਲ ਵਿਚ ਕਿਸਾਨ ਦਾ ਟੁੱਟਣਾ ਅਤੇ ਮੁਲਕ ਦੀ ਆਰਥਿਕਤਾ ਦਾ ਚਿਤ ਹੋਣਾ, ਇਹ ਦੋਨੋਂ ਘਟਨਾਵਾਂ ਠੀਕ ਇੱਕੋ ਸਮੇਂ ਹੀ ਹੋਈਆਂ ਅਤੇ ਮੁਲਕ ਦਾ ਬੁਰਾ ਹਾਲ ਹੋ ਗਿਆ। ਉਸ ਸਮੇਂ ਨਵੀਂ ਬਣੀ ਨਰਸਿਮਹਾ ਰਾਓ ਸਰਕਾਰ ਕੌਮਾਂਤਰੀ ਕਾਰਪੋਰੇਟ ਦੇ ਅਸਰ ਵਾਲੀਆਂ ਆਰਥਿਕ ਸੰਸਥਾਵਾਂ- ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀ ਸ਼ਰਨ ਵਿਚ ਚਲੀ ਗਈ। ਉਸ ਵਕਤ ਸੰਸਾਰ ਬੈਂਕ ਵਿਚ ਉੱਚ ਅਹੁਦੇ ਤੇ ਤਾਇਨਾਤ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਮੁਲਕ ਦੇ ਵਿੱਤ ਮੰਤਰੀ ਬਣ ਗਏ ਅਤੇ ਉਸ ਨੂੰ ਸੰਸਾਰ ਬੈਂਕ ਨਿਰਦੇਸ਼ਿਤ ਆਰਥਿਕ ਏਜੰਡਾ ਲਾਗੂ ਕਰਨ ਦੀ ਪੂਰੀ ਖੁੱਲ੍ਹ ਵੀ ਮਿਲ ਗਈ। ਇਸ ਨਾਲ ਮੁਲਕ ਦੇ ਆਰਥਿਕ, ਸਮਾਜਿਕ ਅਤੇ ਸਿਆਸੀ ਖੇਤਰਾਂ ਵਿਚ ਵੱਡਾ ਮੋੜ ਆਇਆ। ਮੁਲਕ ਵਿਚ ਕਾਰਪੋਰੇਟ ਸਿਸਟਮ ਪੱਕੇ ਪੈਰੀਂ ਹੋਣ ਲੱਗਾ।

ਇਸ ਤੋਂ ਬਾਅਦ ਉਦਾਰਵਾਦ ਦੇ ਨਾਮ ਉੱਤੇ ਨਿੱਜੀਕਰਨ ਦੀ ਸ਼ੁਰੂਆਤ ਹੋ ਗਈ ਅਤੇ ਮੁਲਕ ਦੇ ਅਸਾਸੇ- ਖਣਿਜ, ਜ਼ਰੂਰੀ ਸੇਵਾਵਾਂ, ਕੁਦਰਤੀ ਭੰਡਾਰ ਤੇ ਸੋਮੇ, ਸੰਚਾਰ ਤੇ ਆਵਾਜਾਈ ਆਦਿ ਵੱਡੀਆਂ ਕਾਰਪੋਰੇਟ ਕੰਪਨੀਆਂ ਨੂੰ ਸੰਭਾਲਣੇ ਸ਼ੁਰੂ ਕਰ ਦਿੱਤੇ ਗਏ। ਸਰਕਾਰ ਆਪਣੀ ਮੂਲ ਜ਼ਿੰਮੇਵਾਰੀ- ਆਪਣੀ ਪਰਜਾ ਨੂੰ ਕੁੱਲੀ, ਜੁੱਲੀ ਤੇ ਗੁੱਲੀ, ਸਿਹਤ ਅਤੇ ਵਿਦਿਆ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਣ ਤੋਂ ਪਾਸਾ ਵੱਟਣ ਲੱਗ ਪਈ। ਇਉਂ ਨਵੇਂ ਅਤੇ ਖਤਰਨਾਕ ਯੁੱਗ ਦਾ ਆਰੰਭ ਹੋ ਗਿਆ।

ਭਾਰਤ ਵਿਚ ਖੇਤੀ ਵੱਡਾ ਖੇਤਰ ਹੈ ਜੋ ਮੁਲਕ ਦੇ ਕਰੀਬ 65-70 ਫੀਸਦੀ ਲੋਕਾਂ ਨੂੰ ਰੁਜ਼ਗਾਰ ਅਤੇ 100 ਫੀਸਦ ਆਬਾਦੀ ਨੂੰ ਅਨਾਜ ਤੇ ਹੋਰ ਖਾਧ ਪਦਾਰਥ ਮੁਹੱਈਆ ਕਰਵਾਉਂਦਾ ਹੈ। ਖੇਤੀ ਕਿੱਤਾ ਕਿਤੇ ਵੀ ਅਤੇ ਕਿਸੇ ਵੀ ਹੋਰ ਕਿੱਤੇ ਨਾਲੋਂ ਘੱਟ ਮੁਨਾਫੇ ਵਾਲਾ ਕਿੱਤਾ ਹੈ ਜਿਸ ਵਿਚ ਕਿਸਾਨ ਆਪਣੇ ਕੁੱਲ ਪੂੰਜੀ ਨਿਵੇਸ਼ ਤੇ ਸਿਰਫ 0.25 ਤੋਂ 0.30 ਫੀਸਦੀ ਹੀ ਨਫਾ ਕਮਾਉਂਦਾ ਹੈ, ਉਹ ਵੀ ਸਿਰਫ ਸਾਜ਼ਗਾਰ ਹਾਲਾਤ ਸਮੇਂ। ਭਾਰਤੀ ਕਿਸਾਨ ਦਾ ਇਸ ਖੇਤਰ ਵਿਚ ਵੀ ਬਹੁਤ ਛੋਟਾ ਪਰ ਬੜਾ ਹੀ ਅਹਿਮ ਰੋਲ ਹੈ। ਉਸ ਕੋਲ ਜ਼ਮੀਨ ਆਪਣੀ ਹੈ ਪਰ ਕਾਰਜ ਖੇਤਰ ਸਿਰਫ ਉਤਪਾਦਨ ਤੱਕ ਹੈ। ਖੇਤੀ ਲਈ ਜ਼ਰੂਰੀ ਲੋੜੀਂਦੇ ਤੱਤਾਂ ਵਿਚੋਂ ਬਿਜਲੀ ਤੇ ਪਾਣੀ ਪੂਰੀ ਤਰ੍ਹਾਂ ਸਰਕਾਰ ਦੇ ਕਾਬੂ ਵਿਚ ਹਨ। ਉਤਪਾਦ ਖਰੀਦ ਸਾਂਝੇ ਤੌਰ ਉੱਤੇ ਸਰਕਾਰ ਅਤੇ ਵਪਾਰੀ ਦੇ ਹੱਥ ਹੈ, ਉਤਪਾਦ ਪ੍ਰੋਸੈਸਿੰਗ ਅਤੇ ਉਤਪਾਦ ਤੋਂ ਬਣੀਆਂ ਵਸਤਾਂ ਦੀ ਵਿਕਰੀ ਸਮੁੱਚੇ ਰੂਪ ਵਿਚ ਵਪਾਰੀ ਕੋਲ ਹੈ। ਖੇਤੀ ਲਈ ਲੋੜੀਂਦੇ ਸਾਰੇ ਇਨ-ਪੁਟਸ ਦਾ ਉਤਪਾਦਨ ਅਤੇ ਵਿਕਰੀ ਕਾਰਪੋਰੇਟ ਕਰਦਾ ਹੈ। ਇਹੋ ਕਾਰਨ ਹੈ ਕਿ ਕਿਸਾਨ ਬੇਵਸ ਹੈ ਤੇ ਆਪਣੇ ਉਤਪਾਦ ਦੀ ਲਾਹੇਵੰਦ ਕੀਮਤ ਖੁਦ ਮਿੱਥਣ ਤੋਂ ਅਸਮਰਥ ਹੈ।

ਹੁਣ ਜਦੋਂ ਕੇਂਦਰ ਸਰਕਾਰ ਇਸ ਖੇਤਰ ਦੇ ਸੰਪੂਰਨ ਕਾਰਪੋਰੇਟੀਕਰਨ ਖਾਤਿਰ ਲੋੜੀਂਦੇ ਤਿੰਨ ਕਾਨੂੰਨ ਲੈ ਆਈ ਹੈ ਤਾਂ ਕਿਸਾਨਾਂ ਨੂੰ ਅਪਣੀ ਅਸਲ ਹਾਲਤ ਦੀ ਸਮਝ ਪਈ ਹੈ ਅਤੇ ਉਹ ਮਹਿਜ਼ ਅਪਣੀ ਹੋਂਦ ਦੇ ਬਚਾਓ ਲਈ ਹੀ ਦਿੱਲੀ ਦੁਆਲੇ ਧਰਨੇ ਲਾਈ ਬੈਠੇ ਹਨ। ਇਨ੍ਹਾਂ ਧਰਨਿਆਂ ਦਾ ਅੰਤ ਕੀ ਹੋਣਾ ਹੈ, ਇਸ ਬਾਰੇ ਤਾਂ ਅਜੇ ਕੁਝ ਵੀ ਸਪਸ਼ਟ ਨਹੀਂ ਹੈ ਕਿਉਂਕਿ ਦੋਵੇਂ ਧਿਰਾਂ ਲਕੀਰਾਂ ਖਿੱਚੀਂ ਬੈਠੀਆਂ ਹਨ ਪਰ ਕਿਸਾਨ ਅੰਦੋਲਨ ਦੀਆਂ ਹੁਣ ਤੱਕ ਪ੍ਰਾਪਤੀਆਂ ਜ਼ਿਕਰਯੋਗ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਕਿਸਾਨ ਜਾਗ ਪਿਆ ਹੈ ਅਤੇ ਆਪਣੀਆਂ ਕਮਜ਼ੋਰੀਆਂ, ਸਮਰੱਥਾਵਾਂ ਤੇ ਹੱਕਾਂ ਬਾਰੇ ਸੁਚੇਤ ਹੋ ਗਿਆ ਹੈ। ਦੂਜਾ, ਉਸ ਦੀ ਆਵਾਜ਼ ਬੁਲੰਦ ਹੋ ਗਈ ਹੈ ਅਤੇ ਉਹ ਆਪਣਾ ਸੁਨੇਹਾ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਪੂਰੇ ਸੰਸਾਰ ਦੇ ਕਿਸਾਨਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਹੋ ਗਿਆ ਹੈ। ਕਿਸਾਨ ਪਿਛਲੇ ਸੱਤ ਮਹੀਨੇ ਤੋਂ ਦਿੱਲੀ ਦੀਆਂ ਬਰੂਹਾਂ ਉੱਤੇ ਬੈਠੇ ਹਨ ਅਤੇ ਗੱਲਬਾਤ ਦੇ 11 ਗੇੜ ਚੱਲਣ ਦੇ ਬਾਵਜੂਦ ਸਮੱਸਿਆ ਦਾ ਕੋਈ ਹੱਲ ਨਿਕਲ ਨਹੀਂ ਰਿਹਾ। ਸਰਕਾਰ ਦਲਦਲ ਵਿਚ ਫਸੇ ਕਿਸਾਨਾਂ ਨੂੰ ਕਾਰਪੋਰੇਟ ਹੱਥ ਵੇਚਣ ਲਈ ਉਤਾਵਲੀ ਹੈ।

ਕੁਝ ਵੀ ਹੋਵੇ, ਆਖਿਰਕਾਰ ਕਿਸਾਨ ਨੂੰ ਕਿਸੇ ਵੀ ਤਰ੍ਹਾਂ ਮਰ ਰਿਹਾ ਖੇਤੀ ਮਾਡਲ ਤਿਆਗ ਕੇ ਨਵਾਂ ਅਤੇ ਬਿਹਤਰ ਰਸਤਾ ਲੱਭਣਾ ਹੀ ਪੈਣਾ ਹੈ। ਜ਼ਮੀਨੀ ਹਕੀਕਤ ਦੇ ਉਲਟ ਸਰਕਾਰ ਇਹ ਭਰਮ ਬਣਾਉਣ ਵਿਚ ਕਾਮਯਾਬ ਹੋ ਚੁੱਕੀ ਹੈ ਕਿ ਮੁਲਕ ਵਾਧੂ ਅਨਾਜ ਵਾਲਾ ਮੁਲਕ ਬਣ ਚੁੱਕਿਆ ਹੈ ਅਤੇ ਹੁਣ, ਇਸ ਨੂੰ ਹੋਰ ਅਨਾਜ ਦੀ ਕੋਈ ਖਾਸ ਜ਼ਰੂਰਤ ਨਹੀਂ ਹੈ, ਇਸ ਲਈ ਇਹ ਅਨਾਜ ਦੀ ਸਰਕਾਰੀ ਖਰੀਦ ਤੋਂ ਹੱਥ ਖਿੱਚਣ ਦੇ ਕਾਬਲ ਹੋ ਗਈ ਹੈ ਪਰ ਅਸਲੀਅਤ ਇਹ ਹੈ ਕਿ ਅਜੇ ਵੀ ਮੁਲਕ ਦੇ 16 ਫੀਸਦ ਤੋਂ ਵੱਧ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ। ਅਨਾਜ ਖਰੀਦ ਏਜੰਸੀ ਭਾਰਤੀ ਖੁਰਾਕ ਨਿਗਮ ਨੂੰ ਹੁਣ ਤੱਕ ਇੰਨਾ ਖੋਖਲਾ ਕਰ ਦਿੱਤਾ ਗਿਆ ਹੈ ਕਿ ਇਹ ਹੋਰ ਬਹੁਤੀ ਦੇਰ ਜਿਊਂਦੀ ਰਹਿ ਨਹੀਂ ਸਕੇਗੀ ਅਤੇ ਨਾ ਹੀ ਅਨਾਜ ਦੀ ਸਰਕਾਰੀ ਖਰੀਦ ਕਰ ਸਕੇਗੀ। ਜਿਸ ਦਿਨ ਅਜਿਹਾ ਹੋ ਗਿਆ, ਉਸੇ ਹੀ ਦਿਨ ਮੌਜੂਦਾ ਖੇਤੀ ਢਾਂਚਾ ਤਹਿਸ-ਨਹਿਸ ਹੋ ਜਾਣਾ ਹੈ। ਸਰਕਾਰ ਵੀ ਇਹੋ ਚਾਹੁੰਦੀ ਹੈ।

ਇਸ ਲਈ ਸੰਭਾਵੀ ਆਫਤ ਨਾਲ ਨਜਿੱਠਣ ਲਈ ਕਿਸਾਨ ਨੂੰ ਅਨਾਜ ਉਤਪਾਦਨ ਤੋਂ ਅੱਗੇ ਜਾ ਕੇ ਇਸ ਦੇ ਭੰਡਾਰਨ, ਵਿਕਰੀ ਜਾਂ ਪ੍ਰੋਸੈਸਿੰਗ ਆਪਣੇ ਹੱਥ ਲੈਣ ਤੋਂ ਬਿਨਾ ਹੋਰ ਕੋਈ ਬਦਲ ਹੀ ਨਹੀਂ। ਅਜਿਹਾ ਕਰਨ ਲਈ ਖੇਤੀ ਖੇਤਰ ਵਿਚ ਇੱਕ ਹੋਰ ਕ੍ਰਾਂਤੀ ਦੀ ਜ਼ਰੂਰਤ ਹੈ ਜੋ ਸਰਕਾਰ ਦੇ ਹਰ ਵਿਰੋਧ ਦੇ ਬਾਵਜੂਦ ਲਿਆਉਣੀ ਪਵੇਗੀ। ਕਾਰਪੋਰੇਟ ਦਾ ਮੁਕਾਬਲਾ ਕਰਨ ਲਈ ਹਾਲ ਦੀ ਘੜੀ ਸਾਡੇ ਕੋਲ ਇੱਕੋ-ਇੱਕ ਬਦਲ ਸਹਿਕਾਰਤਾ ਹੈ ਜਿਸ ਨੂੰ ਜੇ ਅਫਸਰਸ਼ਾਹੀ ਦੇ ਚੁੰਗਲ ਵਿਚੋਂ ਕੱਢਿਆ ਜਾ ਸਕੇ ਤਾਂ ਇਸ ਨੂੰ ਖੇਤੀ ਦੇ ਨਵੇਂ ਮਾਡਲ ਵਜੋਂ ਉਭਾਰਿਆ ਜਾ ਸਕਦਾ ਹੈ। ਅਮੁੱਲ ਅਤੇ ਵੇਰਕਾ ਨੇ ਡੇਅਰੀ ਖੇਤਰ ਵਿਚ ਕਾਰਪੋਰੇਟ ਦੇ ਪੈਰ ਜੰਮਣ ਨਹੀਂ ਦਿੱਤੇ ਹਨ ਤੇ ਮਹਾਰਾਸ਼ਟਰ ਵਿਚ ਸਹਿਕਾਰੀ ਖੰਡ ਮਿੱਲਾਂ ਕਾਰਪੋਰੇਟ ਉੱਤੇ ਭਾਰੂ ਹਨ। ਅਨਾਜ ਅਤੇ ਹੋਰ ਫਸਲਾਂ ਦੇ ਖੇਤਰ ਵਿਚ ਵੀ ਇਹ ਤਜਰਬਾ ਸਫਲਤਾਪੂਰਵਕ ਦੁਹਰਾਇਆ ਜਾ ਸਕਦਾ ਹੈ।

**ਸੁਰਿੰਦਰ ਪਾਲ**
**ਸੰਪਰਕ: 98764-09829**

## ਸ਼ਮਿਤਾ ਸ਼ੈੱਟੀ ਨੇ ਘਰ ਵਿੱਚ ਕਸਰਤ ਦੀ ਵੀਡੀਓ ਸਾਂਝੀ ਕੀਤੀ

**ਮੁੰਬਈ।** ਬੌਲੀਵੁੱਡ ਅਦਾਕਾਰਾ ਸ਼ਮਿਤਾ ਸ਼ੈੱਟੀ ਨੇ 'ਮੰਡੇ ਮੋਟੀਵੇਸ਼ਨ' ਤਹਿਤ ਫਿਟਨੈੱਸ ਲਈ ਘਰ ਵਿੱਚ ਕਸਰਤ ਕਰਦੇ ਸਮੇਂ ਦੀ ਇੱਕ ਵੀਡੀਓ ਸਾਂਝੀ ਕੀਤੀ ਹੈ। ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਵੀਡੀਓ ਵਿੱਚ ਅਦਾਕਾਰਾ ਆਪਣੇ ਘਰ ਵਿੱਚ ਆਪਣੇ ਕੋਚ ਵਿਨੋਦ ਚਾਨਾ ਦੀ ਨਿਗਰਾਨੀ ਹੇਠ ਕਸਰਤ ਕਰਦੀ ਦਿਖਾਈ ਦੇ ਰਹੀ ਹੈ। ਵੀਡੀਓ ਦੇ ਨਾਲ ਸ਼ਮਿਤਾ ਸ਼ੈੱਟੀ ਨੇ ਲਿਖਿਆ, 'ਵਿਨੋਦ ਚਾਨਾ ਨਾਲ ਘਰ ਵਿੱਚ ਕਸਰਤ। ਮੰਡੇ ਮੋਟੀਵੇਸ਼ਨ, ਤੁਹਾਡੇ ਸਾਰੇ ਸਰੀਰ ਨੂੰ ਮਜ਼ਬੂਤ ਬਣਾਉਣ ਲਈ ਇਹ ਕਸਰਤ ਬਹੁਤ ਵਧੀਆ ਹੈ ਅਤੇ ਜੇਕਰ ਤੁਹਾਡੇ ਕੋਲ ਸਲਾਈਡਰਸ (ਜਿਹੜੇ ਮੈਂ ਆਪਣੇ ਪੈਰਾਂ ਹੇਠ ਰੱਖੇ ਹਨ) ਨਹੀਂ ਹਨ ਤਾਂ ਤੁਸੀਂ ਇਸ ਲਈ ਤੌਲੀਆ ਵਰਤ ਸਕਦੇ ਹੋ। ਪਹਿਲਾਂ ਵਾਰਮਅੱਪ ਤੇ ਬਾਅਦ 'ਚ ਸਟਰੈਚਿੰਗ ਜ਼ਰੂਰੀ ਹੈ। ਘਰ ਵਿੱਚ ਕਸਰਤ ਨਾਲ ਫਿਟਨੈੱਸ ਮਿਲਦੀ ਹੈ ਤੇ ਫਿਟਨੈੱਸ ਨਾਲ ਪ੍ਰੇਰਨਾ। ਇਸ ਨਾਲ ਫਿੱਟ ਰਹਿਣ ਦੀ ਆਦਤ ਬਣਦੀ ਹੈ। ਮੈਨੂੰ ਕਸਰਤ ਨਾਲ ਪਿਆਰ ਹੈ।'



ਵੀਡੀਓ ਵਿੱਚ ਅਦਾਕਾਰਾ ਨੇ ਹਲਕਾ ਗੁਲਾਬੀ ਟੌਪ, ਗਰੇਅ ਪਜਾਮਾ ਅਤੇ ਸਪੋਰਟਸ ਸੂਜ਼ ਪਹਿਨੇ ਹੋਏ ਹਨ। ਕੁਝ ਸਮੇਂ ਤੋਂ ਉਹ ਸੋਸ਼ਲ ਮੀਡੀਆ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਆਪਣੇ ਘਰ ਵਿੱਚ ਕਸਰਤ ਦੀਆਂ ਵੀਡੀਓਜ਼ ਸਾਂਝੀਆਂ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸ਼ਮਿਤਾ ਸ਼ੈੱਟੀ ਨੇ ਵੈੱਬਸੀਰੀਜ਼ ਦੀ ਦੁਨੀਆ ਵਿੱਚ 'ਯੋ ਕੇ ਹੁਆ ਬਰੋ' ਅਤੇ 'ਬਲੈਕ ਵਿੰਡੋਜ਼' ਨਾਲ ਕਦਮ ਰੱਖਿਆ ਹੈ। ਉਹ ਜਲਦੀ ਹੀ ਨਿਰਦੇਸ਼ਕ ਸੁਸ਼ਾਂਤ ਜੈਨ ਦੀ ਆਉਣ ਵਾਲੀ ਫ਼ਿਲਮ 'ਟੇਨੈਂਟ' ਵਿਚ ਨਜ਼ਰ ਆਵੇਗੀ।

## ਵਿਸ਼ਵ ਦਰਜਾਬੰਦੀ 'ਚ ਦੀਪਿਕਾ ਅੱਵਲ



**ਪੈਰਿਸ।** ਵਿਸ਼ਪ ਕੱਪ ਦੇ ਤੀਸਰੇ ਗੇੜ ਵਿੱਚ ਤਿੰਨ ਸੋਨ ਤਗਮੇ ਜਿੱਤਣ ਵਾਲੀ ਭਾਰਤੀ ਤੀਰਅੰਦਾਜ਼ ਦੀਪਿਕਾ ਕੁਮਾਰੀ ਅੱਜ ਵਿਸ਼ਵ ਦਰਜਾਬੰਦੀ ਵਿੱਚ ਫਿਰ ਪਹਿਲੇ ਸਥਾਨ 'ਤੇ ਪਹੁੰਚ ਗਈ ਹੈ। ਰਾਂਚੀ ਦੀ ਰਹਿਣ ਵਾਲੀ ਇਹ 27 ਸਾਲਾ ਖਿਡਾਰਨ ਪਹਿਲੀ ਵਾਰ 2012 ਵਿੱਚ ਅੱਵਲ ਆਈ ਸੀ। ਉਸ ਨੇ ਐਤਵਾਰ ਨੂੰ ਰਿਕਰਵ ਦੇ ਤਿੰਨ ਮੁਕਾਬਲਿਆਂ ਮਹਿਲਾ ਸਿੰਗਲਜ਼, ਟੀਮ ਅਤੇ ਮਿਕਸਡ ਡਬਲਜ਼ ਵਿੱਚ ਤਿੰਨ ਸੋਨ ਤਗਮੇ ਜਿੱਤੇ ਸਨ। ਦੀਪਿਕਾ ਵਿਸ਼ਵ ਕੱਪ ਵਿੱਚ ਹੁਣ ਤੱਕ ਕੁੱਲ ਨੌਂ ਸੋਨ ਤਗਮੇ, 12 ਚਾਂਦੀ ਅਤੇ ਸੱਤ ਕਾਂਸੀ ਦੇ ਤਗਮੇ ਜਿੱਤ ਚੁੱਕੀ ਹੈ।

## ਸਫ਼ੈਦ ਕੱਪੜਿਆਂ 'ਚ ਨਜ਼ਰ ਆਈ ਪ੍ਰਿਯੰਕਾ ਚੋਪੜਾ

**ਮੁੰਬਈ।** ਅਦਾਕਾਰਾ ਪ੍ਰਿਯੰਕਾ ਚੋਪੜਾ ਜੋਨਸ ਅੱਜ ਨਿਊ ਯਾਰਕ ਵਿੱਚ ਪ੍ਰਾਈਡ ਮਹੀਨਾ ਮਨਾਉਣ ਲਈ ਸਫ਼ੈਦ ਕੱਪੜਿਆਂ ਵਿੱਚ ਦਿਖਾਈ ਦਿੱਤੀ। ਪ੍ਰਿਯੰਕਾ ਨੇ ਅੱਜ ਇੰਸਟਾਗ੍ਰਾਮ 'ਤੇ ਤਿੰਨ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਚਿੱਟੇ ਰੰਗ ਦੀ ਲਿਬਾਸ ਵਿੱਚ ਦਿਖਾਈ ਦਿੱਤੀ। ਉਸ ਨੇ ਸੋਨੇ ਦੇ ਝੁਮਕੇ, ਸੁਨਿਹਰੀ ਘੜੀ ਸਮੇਤ ਸੁਨਿਹਰੇ ਕੰਗਣ ਪਾਏ ਹੋਏ ਸਨ। ਪ੍ਰਿਯੰਕਾ ਨੇ ਕੈਪਸ਼ਨ ਵਿੱਚ ਲਿਖਿਆ, ''ਐਤਵਾਰ ਦੀ .. ਪਿਆਰ ਨੂੰ ਮਹਿਸੂਸ ਕਰਦਿਆਂ ਨਿਊ ਯਾਰਕ ਸ਼ਹਿਰ ਵਿੱਚ... ਹੈਪੀ ਪ੍ਰਾਈਡ! @ ਅੰਜੁਲਾ_ਅਚਾਰੀਆ।'' ਪ੍ਰਿਯਕਾ ਨੂੰ ਆਖ਼ਰੀ ਵਾਰ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਹੋਈ ਫਿਲਮ 'ਦਿ ਵਾਈਟ ਟਾਈਗਰ' ਵਿੱਚ ਦੇਖਿਆ ਗਿਆ ਸੀ। ਰਾਮਿਨ ਬਹਿਰਾਨੀ ਦੇ ਨਿਰਦੇਸ਼ਨ ਹੇਠ ਬਣੀ ਇਸ ਫਿਲਮ ਵਿੱਚ ਆਦਰਸ਼ ਗੌਰਵ ਅਤੇ ਰਾਜ ਕੁਮਾਰ ਰਾਓ ਨੇ ਵੀ ਮੁੱਖ ਭੂਮਿਕਾ ਨਿਭਾਈ ਸੀ। 'ਐਵੈਂਜਰਜ਼' ਦੇ ਨਿਰਮਾਤਾ ਜੋਅ ਅਤੇ ਐਂਥਨੀ ਰੂਸੋ ਦੇ ਨਿਰਦੇਸ਼ਨ ਹੇਠ ਬਣ ਰਹੀ ਫਿਲਮ 'ਸੀਟਾਡੇਲ' ਵਿੱਚ



ਪ੍ਰਿਯੰਕਾ ਨਾਲ ਰਿਚਰਡ ਮੈਡੇਨ ਵੀ ਅਹਿਮ ਭੂਮਿਕਾ ਨਿਭਾਉਣਗੇ ਅਤੇ ਇਹ ਫਿਲਮ ਓਟੀਟੀ ਪਲੇਟਫਾਰਮ 'ਤੇ ਰਿਲੀਜ਼ ਹੋਵੇਗੀ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਮਾਪੇ-ਅਧਿਆਪਕ ਮਿਲਣੀ 1 ਅਤੇ 2 ਜੁਲਾਈ ਨੂੰ

**ਜਲੰਧਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰ ਵਿੱਚ ਪਿਛਲੇ ਸਮੇਂ ਦੌਰਾਨ ਸਮੂਹ ਸਿੱਖਿਆ ਅਮਲੇ ਦੀ ਮਿਹਨਤ ਸਦਕਾ ਭਾਰਤ ਸਰਕਾਰ ਵੱਲੋਂ ਸਕੂਲੀ ਸਿੱਖਿਆ ਸਬੰਧੀ ਕੀਤੀ ਦਰਜਾਬੰਦੀ ਵਿੱਚ ਪੰਜਾਬ ਦੇਸ਼ ਦਾ ਇੱਕਲੌਤਾ ਨੰ. 1 ਸੂਬਾ ਬਣਿਆ ਹੈ। ਹਰਿੰਦਰਪਾਲ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਆਪਕ ਇਸ ਮਾਣਮੱਤੀ ਪ੍ਰਾਪਤੀ ਤੋਂ ਜਨ-ਜਨ ਨੂੰ ਜਾਣੂ ਕਰਵਾਉਣ ਤਾਂ ਕਿ ਸਰਕਾਰੀ ਸਕੂਲਾਂ ਦੀ ਬਿਹਤਰੀ ਲਈ ਸਹਿਯੋਗ ਕਰਨ ਵਾਲੇ ਪਤਵੰਤਿਆਂ ਦਾ ਧੰਨਵਾਦ ਕੀਤਾ ਜਾ ਸਕੇ ਅਤੇ ਭਵਿੱਖ ਵਿੱਚ ਵੀ ਸਰਕਾਰੀ ਸਕੂਲਾਂ ਨਾਲ ਇਵੇਂ ਹੀ ਤਾਲਮੇਲ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਤੋ ਇਲਾਵਾ ਮਹਾਂਮਾਰੀ ਦੌਰਾਨ ਵੀ ਆਨਲਾਈਨ ਪੜ੍ਹਾਈ ਨਾਲ ਨਿਰੰਤਰ ਜੁੜੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਰਿਪੋਰਟ ਸਾਂਝਾ ਕਰਨ ਲਈ ਆਉਣ ਵਾਲੀ 1 ਅਤੇ 2 ਜੁਲਾਈ ਨੂੰ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾ ਰਹੀ ਹੈ।

ਇਸ ਤੋਂ ਇਲਾਵਾ ਮਾਪੇ-ਅਧਿਆਪਕ ਮਿਲਣੀ ਦੇ ਮੁੱਖ ਏਜੰਡੇ ਭਾਰਤ ਸਰਕਾਰ ਵੱਲੋਂ ਜਾਰੀ ਦਰਜਾਬੰਦੀ ਵਿੱਚ ਪੰਜਾਬ ਸੂਬੇ ਦੀ ਪ੍ਰਾਪਤੀ ਤੋਂ ਇਲਾਵਾ ਅੱਪਰ ਪ੍ਰਾਇਮਰੀ ਜਮਾਤਾਂ ਦੀਆਂ 5 ਜੁਲਾਈ ਤੋਂ ਸ਼ੁਰੂ ਹੋਣ ਵਾਲੀਆਂ ਪ੍ਰੀਖਿਆਵਾਂ ਦੀ ਡੇਟਸ਼ੀਟ ਮਾਪਿਆਂ ਨਾਲ ਸਾਂਝੀ ਕਰਨਾ, ਅਧਿਆਪਕਾਂ ਵੱਲੋਂ ਆਪਣੇ ਪੱਧਰ 'ਤੇ ਲਗਾਈਆਂ ਜਾ ਰਹੀਆਂ ਆਨਲਾਈਨ ਜਮਾਤਾਂ ਦੀ ਸਮਾਂ-ਸਾਰਣੀ ਦੀ ਜਾਣਕਾਰੀ ਦੇਣਾ, ਟੀ ਵੀ ਜਮਾਤਾਂ ਦੇ ਸ਼ਡਿਊਲ ਬਾਰੇ ਮਾਪਿਆਂ ਨੂੰ ਜਾਣਕਾਰੀ ਦੇ ਕੇ ਵਿਦਿਆਰਥੀਆਂ ਦੀ ਹਾਜ਼ਰੀ ਯਕੀਨੀ ਬਣਾਉਣਾ, ਜੁਲਾਈ ਮਹੀਨੇ ਦੌਰਾਨ ਕਰਵਾਏ ਜਾਣ ਵਾਲੇ ਸਿਲੇਬਸ ਬਾਰੇ ਜਾਣੂ ਕਰਵਾਉਣਾ , ਵਿਦਿਆਰਥੀਆਂ ਦੇ ਅਭਿਆਸ ਲਈ ਵਿਭਾਗ ਵੱਲੋਂ ਲਗਾਤਾਰ ਭੇਜੇ ਜਾ ਰਹੇ ਸਪਲੀਮੈਂਟਰੀ ਮਟੀਰੀਅਲ , ਰੋਜ਼ਾਨਾ ਹੋਮ ਵਰਕ, ਅਭਿਆਸ ਸ਼ੀਟਾਂ ,ਰੋਜ਼ਾਨਾ ਸਲਾਈਡਾਂ ਅਤੇ ਮੁਲਾਂਕਣ ਸ਼ੀਟਾਂ ਆਦਿ ਏਜੰਡਿਆਂ ਸਬੰਧੀ ਵੀ ਸਾਰਿਆਂ ਨੂੰ ਲਾਜ਼ਮੀ ਤੌਰ 'ਤੇ ਜਾਣੂ ਕਰਵ-ਾਇਆ ਜਾਵੇਗਾ।

ਰਾਮਪਾਲ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਨੇ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਨਾਲ ਜੋੜੀ ਰੱਖਣ ਲਈ ਵਿਭਾਗ ਵੱਲੋਂ ਰੋਜ਼ਾਨਾ ਸਲਾਈਡਾਂ ,ਟੀ ਵੀ ਜਮਾਤਾਂ ਆਦਿ ਦੀ ਉਪਲੱਬਧਤਾ ਕਰਵਾਈ ਗਈ। ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਹੁਣ ਹੋਰ ਵੀ ਯੋਜਨਾਬੱਧ ਢੰਗਾਂ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਲਗਾਤਾਰਤਾ ਬਣਾਏ ਰੱਖਣਾ, ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਭਾਗ ਵੱਲੋਂ ਅਧਿਆਪਕਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਉੱਦਮਾਂ ਅਤੇ ਪੜ੍ਹਾਈ ਲਈ ਉਪਲੱਬਧ ਸਾਧਨਾਂ ਬਾਰੇ ਜਾਣੂ ਕਰਵਾਇਆ ਜਾਵੇਗਾ।



ਉਹਨਾਂ ਦੱਸਿਆ ਕਿ ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਵਿਭਾਗ ਵੱਲੋਂ ਪ੍ਰੀ-ਪ੍ਰਾਇਮਰੀ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਪੰਚਾਇਤ ਮੈਂਬਰਾਂ, ਐੱਸ.ਐੱਮ.ਸੀ . ਮੈਂਬਰਾਂ ਅਤੇ ਹੋਰ ਪਤਵੰਤੇ ਸੱਜਣਾਂ ਤੱਕ ਪਹੁੰਚ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਵਿਭਾਗ ਵੱਲੋਂ ਕੋਵਿਡ-19 ਤੋਂ ਸੁਰੱਖਿਆ ਦੇ ਮੱਦੇਨਜ਼ਰ ਮਾਪੇ-ਅਧਿਆਪਕ ਮਿਲਣੀ ਫੋਨ ਕਾਲ/ਵੀਡੀਓ ਕਾਲ ਰਾਹੀਂ ਆਨਲਾਈਨ ਕਰਵਾਉਣ ਦੀ ਵੀ ਹਦਾਇਤ ਕੀਤੀ ਗਈ ਹੈ।

ਉਹਨਾਂ ਦੱਸਿਆ ਕਿ ਮਿਲਣੀ ਸਬੰਧੀ ਸਮੂਹ ਜ਼ਿਲ੍ਹਾ ਅਧਿਕਾਰੀ ,ਸਕੂਲ ਮੁਖੀ , ਅਧਿਆਪਕ ਅਤੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਮੈਂਬਰ ,ਪੋਸਟਰਾਂ ਰਾਹੀਂ ,ਆਡੀਓ/ਵੀਡੀਓ ਅਤੇ ਲਿਖਤੀ ਸੁਨੇਹਿਆਂ ਤੋਂ ਇਲਾਵਾ ਸਾਂਝੀਆਂ ਥਾਵਾਂ ਤੋਂ ਅਨਾਊਂਸਮੈਂਟ ਕਰਵਾ ਕੇ ਸਬੰਧਿਤ ਨੂੰ ਅਗਾਊਂ ਤੌਰ 'ਤੇ ਜਾਣੂ ਕਰਵਾਉਣਗੇ।

ਇਸ ਦੌਰਾਨ ਵਿਭਾਗ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਆਨਲਾਈਨ ਮਾਪੇ-ਅਧਿਆਪਕ ਮਿਲਣੀ ਵਿੱਚ ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ ਆਪਣੇ ਅਧਿਆਪਕਾਂ ਨੂੰ ਹੱਲਾਸ਼ੇਰੀ ਦੇਣ ਅਤੇ ਹਾਜ਼ਰ ਮਾਪਿਆਂ/ਕਮੇਟੀ ਮੈਂਬਰਾਂ/ ਪਤਵੰਤਿਆਂ ਦੁਆਰਾ ਭਵਿੱਖ ਵਿੱਚ ਸਿੱਖਿਆ ਦੀ ਬਿਹਤਰੀ ਲਈ ਦਿੱਤੇ ਜਾਣ ਵਾਲੇ ਸੁਝਾਵਾਂ ਤੋਂ ਜਾਣੂ ਹੋਣ ਲਈ ਮੀਟਿੰਗਾਂ ਵਿੱਚ ਰੈਂਡਮ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਮੈਂਬਰ ਸਾਹਿਬਾਨ ਜ਼ਿਆਦਾ ਗਿਣਤੀ ਵਾਲੇ ਸਕੂਲਾਂ ਦੇ ਅਧਿਆਪਕਾਂ ਦੇ ਸਹਿਯੋਗੀ ਦੇ ਰੂਪ ਵਿੱਚ ਭੂਮਿਕਾ ਨਿਭਾਉਣਗੇ।

# ਉੱਤਰਾਖੰਡ ਹਾਈ ਕੋਰਟ ਨੇ ਕੋਵਿਡ-19 ਦੇ ਖਤਰੇ ਕਾਰਨ ਚਾਰ ਧਾਮ ਯਾਤਰਾ ਉੱਤੇ ਰੋਕ ਲਾਈ

**ਨੈਨੀਤਾਲ।** ਉੱਤਰਾਖੰਡ ਹਾਈ ਕੋਰਟ ਨੇ ਸਥਾਨਕ ਲੋਕਾਂ ਲਈ ਇਕ ਜੁਲਾਈ ਤੋਂ ਚਾਰ ਧਾਮ ਯਾਤਰਾ ਸ਼ੁਰੂ ਕਰਨ ਦੇ ਰਾਜ ਸਰਕਾਰ ਦੇ ਫੈਸਲੇ ਨੂੰ ਪਲਟ ਕੇ ਇਸ ਉੱਤੇ ਰੋਕ ਲਾ ਦਿੱਤੀ ਹੈ।ਚੀਫ ਜਸਟਿਸ ਆਰ ਐੱਸ ਚੌਹਾਨ ਅਤੇ ਜਸਟਿਸ ਆਲੋਕ ਕੁਮਾਰ ਵਰਮਾ ਦੀ ਬੈਂਚ ਨੇਕੋਵਿਡ-19 ਦੀ ਮਾਰ ਦੇ ਦੌਰਾਨ ਹੋ ਰਹੀ ਇਸ ਚਾਰ ਧਾਮ ਯਾਤਰਾ ਦੌਰਾਨ ਸੈਲਾਨੀਆਂ ਤੇ ਸ਼ਰਧਾਲੂਆਂ ਲਈ ਰਾਜ ਸਰਕਾਰ ਦੇ ਪ੍ਰਬੰਧਾਂ ਉੱਤੇਕਾਫੀ ਨਾਰਾਜ਼ਗੀ ਜ਼ਾਹਿਰ ਕਰਦੇ ਹੋਏ ਰਾਜਸਰਕਾਰਦਾ ਉਹ ਫੈਸਲਾ ਰੋਕ ਦਿੱਤਾ ਹੈ, ਜਿਸ ਵਿੱਚ ਚਮੋਲੀ, ਰੁਦਰਪ੍ਰਯਾਗ ਅਤੇ ਉੱਤਰਕਾਸ਼ੀ ਜ਼ਿਲਿਆਂ ਦੇ ਲੋਕਾਂ ਨੂੰ ਇਕ ਜੁਲਾਈ ਤੋਂ ਹਿਮਾਲਿਆਈ ਤੀਰਥਾਂ ਦੇ ਦਰਸ਼ਨਾਂ ਦੀ ਖੁੱਲ੍ਹਦਿੱਤੀ ਗਈ ਸੀ।

ਵਰਨਣ ਯੋਗ ਹੈ ਕਿ ਉੱਤਰਾ ਖੰਡ ਦੇ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਦੀ ਪ੍ਰਧਾਨਗੀ ਵਿੱਚਬੀਤੀ 25 ਜੂਨ ਨੂੰ ਰਾਜ ਸਰਕਾਰ ਦੀ ਬੈਠਕ ਵਿੱਚ ਇਕ ਜੁਲਾਈ ਤੋਂ ਉਨ੍ਹਾਂ ਜ਼ਿਲਿਆਂ ਦੇ ਲੋਕਾਂ ਨੂੰ ਮੰਦਰਾਂ ਦੇ ਦਰਸ਼ਨ ਕਰਨ ਦੀ ਖੁੱਲ੍ਹ ਦੇਣ ਦਾ ਫੈਸਲਾ ਹੋਇਆ ਸੀ, ਜਿਥੇ ਉਹ ਰਹਿੰਦੇ ਹਨ। ਚਮੋਲੀ ਜ਼ਿਲੇ ਦੇ ਲੋਕਾਂ ਨੂੰ ਬਦਰੀਨਾਥ, ਰੁਦਰਪ੍ਰਯਾਗ ਜ਼ਿਲੇ ਦੇ ਲੋਕਾਂ ਨੂੰ ਕੇਦਾਰਨਾਥ ਅਤੇ ਉੱਤਰਕਾਸ਼ੀ ਜ਼ਿਲੇ ਦੇ ਲੋਕਾਂ ਨੂੰ ਗੰਗੋਤਰੀ ਤੇ ਯਮੁਨੋਤਰੀ ਮੰਦਰ ਦੇ ਦਰਸ਼ਨਾਂ ਦੀ ਖੁੱਲ੍ਹਦਿੱਤੀ ਗਈ ਸੀ। ਹਾਈ ਕੋਰਟ ਨੇ ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਯਾਤਰਾ ਚਲਾਉਣ ਵਿੱਚ ਖਤਰੇ ਨਾਲ ਸਬੰਧਤ ਇਕ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਰੋਕ ਲਾਈ ਹੈ। ਇਸ ਮੌਕੇਹਾਈ ਕੋਰਟ ਨੇ ਤੀਰਥ ਸਥਾਨਾਂ ਨਾਲ ਜੁੜੀਆਂ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨਰੱਖਦੇ ਹੋਏ ਸਰਕਾਰ ਨੂੰ ਮੰਦਰਾਂ ਵਿੱਚ ਚੱਲਦੀਆਂ ਰਸਮਾਂ



ਤੇ ਸਮਾਰੋਹਾਂ ਦਾ ਪੂਰੇ ਦੇਸ਼ ਵਿੱਚ ਸਿੱਧਾ ਟੈਲੀਕਾਸਟ ਕਰਨ ਦਾ ਪ੍ਰਬੰਧ ਕਰਨ ਨੂੰ ਕਿਹਾ ਹੈ। ਅਦਾਲਤ ਨੇ ਕਿਹਾ ਕਿ ਕੁਝ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਣ ਦੀ ਬਜਾਏ ਕੋਰੋਨਾ ਵਾਇਰਸ ਦੇ ਡੈਲਟਾ ਪਲੱਸ ਵੇਰੀਐਂਟ ਤੋਂ ਸਾਰਿਆਂ ਨੂੰ ਬਚਾਉਣਾ ਵੱਧ ਜ਼ਰੂਰੀ ਹੈ।

# ਕੋਵੀਸ਼ੀਲਡ ਦੀ ਵੈਕਸੀਨ ਵਾਲਿਆਂ ਨੂੰ ਯੂਰਪੀ ਦੇਸ਼ਾਂ ਦੀ ਯਾਤਰਾ ਵਿੱਚ ਰੋਕਾਂ ਦਾ ਸਾਹਮਣਾ

**ਨਵੀਂ ਦਿੱਲੀ।** ਸੰਸਾਰ ਵਿੱਚ ਸਭ ਤੋਂ ਵੱਡੇ ਵੈਕਸੀਨ ਬਣਾਉਣ ਵਾਲੇ ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਮੁਖੀ ਅਦਰ ਪੂਨਾਵਾਲਾ ਨੇ ਕੋਵੀਸ਼ੀਲਡ ਵੈਕਸੀਨ ਦੀ ਖ਼ੁਰਾਕ ਲੈਣ ਵਾਲੇ ਲੋਕਾਂ ਨੂੰ ਯੂਰਪੀ ਯੂਨੀਅਨਦੇ ਦੇਸ਼ਾਂ ਦੀ ਯਾਤਰਾ ਨਾਲ ਪਰੇਸ਼ਾਨੀਆਂ ਦਾ ਛੇਤੀ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

ਇੱਕ ਖਬਰ ਏਜੰਸੀ ਨਾਲ ਗੱਲਬਾਤ ਵਿੱਚਅਦਰ ਪੂਨਾਵਾਲਾ ਨੇ ਕਿਹਾ ਕਿ ਉਨ੍ਹਾਂ ਨੂੰ ਮਹਿਸੂਸ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਨੇ ਕੋਵੀਸ਼ੀਲਡ ਵੈਕਸੀਨ ਦੀ ਖ਼ੁਰਾਕ ਲਈ ਹੈ, ਉਨ੍ਹਾਂ ਨੂੰ ਯੂਰਪ ਯਾਤਰਾ ਦੀ ਪਰੇਸ਼ਾਨੀ ਆ ਰਹੀ ਹੈ। ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਇਹਕੇਸ ਸਰਕਾਰ ਵਿੱਚ ਉੱਚੇ ਪੱਧਰ ਤਕ ਲੈ ਜਾਣਗੇ ਅਤੇ ਇਹਆਸ ਪ੍ਰਗਟ ਕੀਤੀ ਕਿ ਇਹ ਕੇਸ ਜਲਦੀ ਰੈਗੂਲੇਟਰਜ਼ ਤੇ ਡਿਪਲੋਮੇਟਿਕ ਲੈਵਲ ਉੱਤੇ ਵੱਖ-ਵੱਖ ਦੇਸ਼ਾਂ ਲਈ ਸੁਲਝਾ ਲਿਆ ਜਾਵੇਗਾ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਦੇ ਅੰਕੜਿਆਂ ਮੁਤਾਬਕ ਏਥੇ ਬਣੀ ਵੈਕਸੀਨ ਦੁਨੀਆ ਭਰ ਦੇ ਕਰੀਬ 95 ਦੇਸ਼ਾਂ ਵਿੱਚ ਬਤੌਰ ਗ੍ਰਾਂਟ ਜਾਂ ਕਮਰਸ਼ੀਅਲ ਦੋਵੇਂ ਤੌਰ ਉੱਤੇਦਿੱਤੀ ਗਈ ਹੈ। ਇਨ੍ਹਾਂ ਵਿੱਚ ਏਸ਼ੀਆ ਤੇ ਅਫਰੀਕਾ ਦੇ ਦੇਸ਼ਾਂ ਤੋਂ ਇਲਾਵਾ ਬ੍ਰਿਟੇਨ, ਯੂਕਰੇਨ, ਬ੍ਰਾਜੀਲ ਸ਼ਾਮਲ ਹੈ। ਭਾਰਤ ਵਿੱਚ ਕੋਵੀਸ਼ੀਲਡ ਤੋਂ ਇ.ਲਾਵਾ ਕੋਵੈਕਸੀਨ ਅਤੇ ਸਪੂਤਨਿਕ ਦੀ ਇਜਾਜ਼ਤ ਵੀ ਸਰਕਾਰ ਨੇ ਦਿੱਤੀ ਹੈ। ਕੋਵੀਸ਼ੀਲਡ ਨੂੰ 1 ਜਨਵਰੀ 2021 ਨੂੰ ਇੱਕ ਡਰੱਗ ਕੰਟਰੋਲਰ ਆਫ ਇੰਡੀਆ ਨੇ ਐਮਰਜੈਂਸੀ ਦਵਾਈ ਵਜੋਂ ਵਰਤਣ ਦੀ ਮਨਜ਼ੂਰੀ ਦਿੱਤੀ ਸੀ।



ਭਾਰਤ ਵਿੱਚ ਬਣੀਆਂ ਦੋਵੇਂਵੈਕਸੀਨ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਨ੍ਹਾਂ ਨੂੰ ਸੰਸਾਰ ਵਿੱਚ ਹੋਰ ਵੈਕਸੀਨਾਂਦੇ ਮੁਕਾਬਲੇ ਸੁਰੱਖਿਅਤ ਰੱਖਣਾ ਸੌਖਾ ਹੈ। ਇਨ੍ਹਾਂ ਨੂੰ ਘਰਾਂਦੇ ਫਰਿੱਜ ਵਿੱਚਸੌਖੀ ਤਰ੍ਹਾਂ ਸਟੋਰ ਕੀਤਾ ਜਾ ਸਕਦਾ ਹੈ।ਇਸੇ ਤਰ੍ਹਾਂ ਰੂਸ ਦੀ ਵੈਕਸੀਨ ਸਪੂਤਨਿਕ ਨੂੰ ਵੀ ਬੜੀ ਸੌਖ ਨਾਲ ਸੁਰੱਖਿਅਤ ਕੀਤਾ ਜਾ ਸਕਦਾ ਹੈ।ਭਾਰਤ ਦੀ ਇਸ ਵੈਕਸੀਨ ਨੂੰ ਆਕਸਫੋਰਡ ਅਤੇ ਐਸਟ੍ਰਾਜੇਨੇਕਾ ਦੇ ਸਹਿਯੋਗ ਨਾਲ ਵਿਕਸਿਤ ਕੀਤਾ ਗਿਆ ਹੈ।

# ਕਸ਼ਮੀਰ ਵਿੱਚ ਸਿੱਖ ਲੜਕੀਆਂ ਦੇ ਜਬਰੀ ਧਰਮ ਪਰਿਵਰਤਨ ਦਾ ਕੇਸ ਅਮਿਤ ਸ਼ਾਹ ਕੋਲ ਪੁੱਜਾ

**ਨਵੀਂ ਦਿੱਲੀ।** ਕਸ਼ਮੀਰ ਘਾਟੀ ਵਿਚ ਸਿੱਖ ਲੜਕੀਆਂ ਦਾ ਜਬਰੀ ਧਰਮ ਤਬਦੀਲ ਕਰਵਾ ਕੇ ਮੁਸਲਮਾਨਾਂ ਨਾਲ ਨਿਕਾਹ ਕਰਵਾਉਣ ਦੇਕੇਸ ਬਾਰੇ ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐੱਸ ਜੀ ਐੱਮ ਸੀ) ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਇਸ ਨੂੰ ਪੂਰੀ ਗੰਭੀਰਤਾ ਨਾਲ ਲਿਆ ਹੈ।ਉਨ੍ਹਾ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਗਵਾ ਕੀਤੀ ਗਈ ਲੜਲੀ ਨੂੰ ਸੁਰੱਖਿਅਤ ਉਸ ਦੇ ਪਰਵਾਰ ਕੋਲ ਪੁਚਾਉਣ ਦਾ ਭਰੋਸਾ ਦਿੱਤਾ ਹੈ ਅਤੇ ਉਹ ਇਸ ਘਟਨਾ ਉੱਤੇ ਨਜ਼ਰ ਰੱਖ ਰਹੇ ਹਨ।

ਦੋ ਦਿਨ ਪਹਿਲਾਂ ਕਸ਼ਮੀਰ ਘਾਟੀ ਵਿੱਚ ਸਿੱਖ ਲੜਕੀਆਂ ਦੇ ਅਗਵਾ ਦੀ ਸੂਚਨਾ ਮਿਲਣ ਪਿੱਛੋਂ ਡੀ ਐੱਸ ਜੀ ਐੱਮ ਸੀ ਦਾ ਇੱਕ ਵਫ਼ਦ ਸ੍ਰੀਨਗਰ ਗਿਆ ਅਤੇ ਉੱਥੇ ਇਸ ਘਟਨਾ ਦੇ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦੇ ਨਾਲ ਹੀ ਲੈਫਟੀਨੈਂਟ ਗਵਰਨਰ ਅਤੇ ਪੁਲਿਸ ਅਧਿਕਾਰੀਆਂ ਨੂੰ ਮਿਲ ਕੇ ਇਨਸਾਫ਼ ਦੀ ਮੰਗ ਕੀਤੀ ਸੀ।ਅੱਜ ਓਥੋਂ ਵਾਪਸੀ ਦੇ ਬਾਅਦ ਸਿਰਸਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਟੈਲੀਫੋਨ ਉੱਤੇਇਸ ਘਟਨਾ ਬਾਰੇ ਦੱਸਿਆ ਤੇ ਕਸ਼ਮੀਰ ਵਾਦੀ ਵਿਚ ਸਿੱਖਾਂ ਦੀ ਸੁਰੱਖਿਆਬਾਰੇ ਚਿੰਤਾ ਪ੍ਰਗਟਾਈ ਹੈ। ਸਿਰਸਾ ਨੇ ਉਨ੍ਹਾਂ ਨੂੰ ਕਿਹਾ ਕਿ ਕਿਸ ਤਰ੍ਹਾਂ ਸੋਚੀ-ਸਮਝੀ ਸਾਜ਼ਿਸ਼ ਹੇਠ ਸਿੱਖ ਲੜਕੀਆਂ ਨੂੰ ਅਗਵਾ ਕਰ ਕੇ ਜਬਰੀ ਉਨ੍ਹਾਂ ਦਾ ਧਰਮ ਬਦਲ ਕੇ ਵੱਡੀ ਉਮਰ ਦੇ ਮੁਸਲਮਾਨਾਂ ਨਾਲ ਨਿਕਾਹ ਕੀਤਾ ਜਾ ਰਿਹਾ ਹੈ ਤੇ ਪਿਛਲੇ ਕੁਝ ਦਿਨਾਂ ਵਿਚ ਏਦਾਂ ਦੀਆਂ ਚਾਰ ਘਟਨਾਵਾਂ ਹੋ ਚੁੱਕੀਆਂ ਹਨ, ਜਿਸ ਨਾਲ ਓਥੇ ਰਹਿੰਦੇ ਸਿੱਖਾਂ ਵਿਚ ਰੋਸ ਹੈ ਅਤੇ ਉਹ ਆਪਣੀ ਤੇ ਆਪਣੇ ਪਰਿਵਾਰਾਂ ਦੀ ਸੁਰੱਖਿਆ ਬਾਰੇ ਚਿੰਤਤ ਹਨ।

ਮਨਜਿੰਦਰ ਸਿੰਘ ਨੇ ਦੱਸਿਆ ਕਿ ਅਮਿਤ ਸ਼ਾਹ ਨੇ ਕਸ਼ਮੀਰ ਵਾਦੀ ਵਿਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਦਾ ਭਰੋਸਾ ਦਿਵਾਇਆ ਅਤੇ ਕਿਹਾ ਹੈ ਕਿ ਉਹ ਪੂਰੇ ਹਾਲਾਤ ਦੀ ਖ਼ੁਦ ਨਿਗਰਾਨੀ ਕਰ ਰਹੇ ਹਨ।ਅਮਿਤ ਸ਼ਾਹ ਨੇ ਦੱਸਿਆ ਕਿ ਬੀਤੇ ਐਤਵਾਰ ਨੂੰ ਉਨ੍ਹਾਂ ਨੇ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਤੋਂ ਘਟਨਾ ਬਾਰੇ ਸਾਰੀ ਜਾਣਕਾਰੀ ਲੈ ਲਈ ਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਅਗਵਾ ਹੋਇਸਿੱਖ ਲੜਕੀ ਛੇਤੀ ਆਪਣੇ ਪਰਿਵਾਰ ਕੋਲ ਪੁੱਜ ਜਾਵੇਗੀ।ਇਸ ਦੌਰਾਨ ਜੰਮੂ-ਕਸ਼ਮੀਰ ਦੀ ਜ਼ਮੀਨੀ ਸਥਿਤੀ ਉੱਤੇ ਚਰਚਾ ਲਈ ਗ੍ਰਹਿ ਮੰਤਰੀ ਨੇ ਓਥੋਂ ਦੇ ਸਿੱਖਾਂ ਦੇ ਵਫ਼ਦ ਨੂੰ ਮੀਟਿੰਗ ਦਾ ਸੱਦਾ ਦਿੱਤਾ ਹੈ। ਇਸ ਮੀਟਿੰਗ ਵਿਚ ਘੱਟ-ਗਿਣਤੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਅਤੇ ਹੋਰ ਗੱਲਾਂ ਬਾਰੇਵੀ ਚਰਚਾ



ਹੋਵੇਗੀ।ਸਿੱਖਆਗੂਆਂ ਨੇ ਇਸ ਮੌਕੇ ਕਸ਼ਮੀਰ ਦੇ ਦੂਸਰੇ ਧਰਮਾਂ ਦੇ ਸਿਆਸੀ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਲੜਕੀਆਂ ਦੇ ਅਗਵਾ ਅਤੇ ਧਰਮ ਬਦਲ ਕੇ ਨਿਕਾਹ ਕਰਨ ਦੇ ਕੇਸ ਵਿੱਚ ਆਪਣੀ ਚੁੱਪ ਤੋੜਨ।

ਕਸ਼ਮੀਰ ਵਿਚ ਦੋ ਸਿੱਖ ਲੜਕੀਆਂ ਦਾ ਧਰਮ ਤਬਦੀਲ ਕਰਨ ਦੀ ਘਟਨਾ ਪਿੱਛੋਂਜੰਮੂ-ਕਸ਼ਮੀਰ ਦੇ ਮੁਫ਼ਤੀ-ਏ-ਆਜ਼ਮ ਨਾਸਿਰ ਉਲ ਇਸਲਾਮ ਤੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਦੀ ਨਿੰਦਾ ਕੀਤੀ ਅਤੇਇਸ ਦੀ ਜਾਂਚ ਦੀ ਮੰਗ ਕੀਤੀ ਹੈ। ਇਸ ਦੌਰਾਨ ਕਸ਼ਮੀਰ ਵਿਚ ਸਿੱਖ ਭਾਈਚਾਰੇ ਨੇ ਇਸ ਕੇਸਬਾਰੇ ਵਿਰੋਧ ਪ੍ਰਦਰਸ਼ਨ ਕੀਤਾਅਤੇਜੰਮੂ ਵਿਚ ਵੀ ਪ੍ਰਦਰਸ਼ਨ ਕੀਤਾ ਗਿਆ।ਕਾਂਗਰਸ ਪਾਰਟੀ ਨੇ ਇਸ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਮੁਫ਼ਤੀ-ਏ-ਆਜ਼ਮ ਨਾਸਿਰ ਉਲ ਇਸਲਾਮ ਨੇ ਕਿਹਾ ਕਿ ਸਿੱਖ ਕਸ਼ਮੀਰੀ ਸਮਾਜ ਦਾ ਅਹਿਮ ਹਿੱਸਾ ਹਨ, ਇਸਲਾਮ ਵਿਚ ਜਬਰੀ ਧਰਮ ਤਬਦੀਲੀ ਲਈ ਕੋਈ ਥਾਂ ਨਹੀਂ। ਉਨ੍ਹਾਂ ਸਿੱਖ ਲੜਕੀਆਂ ਦੇ ਜਬਰੀ ਧਰਮ ਬਦਲਣ ਬਾਰੇ ਕਿਹਾ ਕਿ ਇਸਲਾਮ ਵਿਚ ਇਹਪ੍ਰਵਾਨ ਨਹੀਂ ਕੀਤਾ ਜਾ ਸਕਦਾ।ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਸਿੱਖਾਂ ਤੇ ਮੁਸਲਮਾਨਾਂ ਵਿਚ ਤਰੇੜ ਪੈਦਾ ਕਰਨ ਦੇ ਯਤਨਾਂ ਨਾਲ ਜੰਮੂ-ਕਸ਼ਮੀਰ ਵਿਚ ਅਜਿਹਾ ਨੁਕਸਾਨ ਹੋਵੇਗਾ, ਜਿਸ ਦੀ ਕਦੇ ਪੂਰਤੀ ਨਹੀਂ ਹੋਵੇਗੀ।

# ਭਾਜਪਾ ਆਗੂ ਨੇ ਮੰਨਿਆ ਕੋਰੋਨਾ ਦੀ ਦੂਸਰੀ ਲਹਿਰ ਨਾਲ ਯੂ ਪੀ ਦੇ ਹਰ ਪਿੰਡ ਵਿੱਚੋਂ ਘੱਟੋ ਘੱਟ 10 ਲੋਕ ਮਰੇ

**ਬਲੀਆ।** ਉਤਰ ਪ੍ਰਦੇਸ਼ ਵਿੱਚ ਭਾਜਪਾ ਦੀ ਪ੍ਰਦੇਸ਼ ਕਾਰਜਕਾਰਨੀ ਕਮੇਟੀ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਰਾਮ ਇਕਬਾਲ ਸਿੰਘ ਨੇ ਕਿਹਾ ਹੈ ਕਿ ਕੋਰੋਨਾ ਸਬੰਧੀਪ੍ਰਸ਼ਾਸਨ ਵੱਲੋਂ ਪਹਿਲੀ ਲਹਿਰ ਤੋਂ ਸਬਕ ਨਾ ਲੈਣ ਕਾਰਨ ਦੂਸਰੀ ਲਹਿਰ ਦੌਰਾਨ ਹਰ ਪਿੰਡ ਵਿੱਚੋਂ ਘੱਟੋ ਘੱਟ 10 ਲੋਕਾਂ ਦੀ ਮੌਤ ਹੋਈ ਹੈ।



ਭਾਜਪਾ ਆਗੂ ਰਾਮ ਇਕਬਾਲ ਸਿੰਘ ਨੇ ਇਸ ਜ਼ਿਲ੍ਹੇ ਦੇ ਨਗਰਾ ਇਲਾਕੇ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਸਿਹਤ ਵਿਭਾਗ ਨੇ ਮਹਾਂਮਾਰੀ ਦੀ ਪਹਿਲੀ ਲਹਿਰ ਤੋਂ ਸਬਕ ਨਹੀਂ ਲਿਆ ਅਤੇ ਇਸ ਕਾਰਨ ਦੂਸਰੀ ਲਹਿਰ ਵਿੱਚ ਵੱਡੀ ਗਿਣਤੀ ਵਿੱਚ ਕੋਰੋਨਾ ਪੀੜਤਾਂ ਦੀ ਮੌਤ ਹੋਈ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹਾ ਕੋਈ ਪਿੰਡ ਨਹੀਂ, ਜਿੱਥੇ ਕੋਰੋਨਾ ਨਾਲ 10 ਲੋਕਾਂ ਦੀ ਜਾਨ ਨਾ ਗਈ ਹੋਵੇ। ਉਨ੍ਹਾਂ ਨੇ ਕੋਰੋਨਾ ਨਾਲ ਜਾਨ ਗਵਾਉਣ ਵਾਲਿਆਂ ਦੇ ਪ੍ਰਵਾਰਕ ਜੀਆਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ। ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਬਲੀਆ ਜ਼ਿਲ੍ਹੇ ਵਿੱਚ ਸਿਹਤ ਵਿਭਾਗ ਦਾ ਪੂਰਾ ਸਿਸਟਮ ਤਬਾਹ ਹੋ ਚੁੱਕਾ ਹੈ ਤੇ ਆਜ਼ਾਦੀ ਦੇ 75 ਸਾਲਾਂ ਬਾਅਦ 34 ਲੱਖ ਦੀ ਆਬਾਦੀ ਵਾਲੇ ਇਸ ਜ਼ਿਲ੍ਹੇ ਦੇ ਹਸਪਤਾਲਾਂ ਵਿੱਚ ਨਾ ਕੋਈ ਡਾਕਟਰ ਹੈ ਤੇ ਨਾ ਕੋਈ ਦਵਾਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਪਿਛਲੇ ਦਿਨੀਂ ਬਲੀਆ ਦੇ ਦੌਰੇ ਦੌਰਾਨ ਸਿਹਤ ਮਹਿਕਮੇ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਗੁਮਰਾਹ ਕੀਤਾ ਤੇ ਸਚਾਈ ਨਹੀਂ ਦੱਸੀ।ਉਨ੍ਹਾਂ ਕਿਹਾ ਕਿ ਕਿਸਾਨ ਪੂਰੀ ਤਰ੍ਹਾਂ ਤਬਾਹ ਹੋ ਚੁਕਾ ਹੈ ਅਤੇ ਅਨੰਦਾਤਾ ਖੇਤੀ ਛੱਡ ਲਈ ਮਜ਼ਬੂਰ ਹੋ ਗਿਆ ਹੈ। ਭਾਜਪਾ ਆਗੂ ਨੇ ਕਿਹਾ ਕਿ ਕਣਕ ਦੀ ਖ਼ਰੀਦ ਉੱਤੇ ਸਰਕਾਰ ਨੇ ਐਮ ਐਸ ਪੀ 1975 ਰੁਪਏ ਕਰ ਕੇ ਪਿਛਲੇ ਸਾਲ ਦੀ ਖ਼ਰੀਦ ਕੀਮਤ ਤੋਂ ਸਿਰਫ਼ 72 ਰੁਪਏ ਵਧਾ ਕੇ ਦਿੱਤੇ, ਜਦੋਂ ਕਿ ਕਿਸਾਨ ਦੀ ਲਾਗਤ ਦੁਗਣੀ ਹੋ ਗਈ ਹੈ।

# ਮੇਨਕਾ ਨੂੰ 'ਘਟੀਆ ਔਰਤ' ਕਹਿਣ ਵਾਲਾ ਭਾਜਪਾ ਵਿਧਾਇਕ ਆਪਣੇ ਬਿਆਨ ਉੱਤੇ ਕਾਇਮ

**ਭੋਪਾਲ।** ਜਾਨਵਰਾਂ ਦੇ ਇੱਕ ਡਾਕਟਰ ਉੱਤੇ ਭਾਜਪਾ ਦੀ ਪਾਰਲੀਮੈਂਟ ਮੈਂਬਰ ਮੇਨਕਾ ਗਾਂਧੀ ਦੀ ਭੱਦੀ ਟਿੱਪਣੀ ਲਈ ਉਸ ਨੂੰ 'ਘਟੀਆ ਔਰਤ' ਕਹਿਣ ਵਾਲੇ ਮੱਧ ਪ੍ਰਦੇਸ਼ ਦੇ ਭਾਜਪਾ ਦੇ ਸੀਨੀਅਰ ਵਿਧਾਇਕ ਅਤੇ ਸਾਬਕਾ ਮੰਤਰੀ ਅਜੇ ਬਿਸ਼ਨੋਈ ਆਪਣੇ ਬਿਆਨ ਉੱਤੇ ਕਾਇਮ ਹਨ।

ਬਿਸ਼ਨੋਈ ਨੇ ਇਸ ਬਾਰੇ ਟਵੀਟ ਕੀਤਾ ਸੀ, 'ਬੀਤੇ ਦਿਨੀਂ ਪਾਰਲੀਮੈਂਟ ਮੈਂਬਰ ਮੇਨਕਾ ਗਾਂਧੀ ਨੇ ਜਾਨਵਰਾਂ ਦੇ ਡਾਕਟਰ ਨਾਲ ਜਿਨ੍ਹਾਂ ਸ਼ਬਦਾਂ ਵਿੱਚ ਗੱਲ ਕੀਤੀ, ਉਸ ਨਾਲ ਵੈਟਰਨਰੀ ਕਾਲਜ ਜਬਲਪੁਰ ਘਟੀਆ ਸਾਬਤ ਨਹੀਂ ਹੁੰਦਾ, ਪਰ ਇਹ ਸਾਬਤ ਹੋ ਜਾਂਦਾ ਹੈ ਕਿ ਮੇਨਕਾ ਗਾਂਧੀ ਨਿਹਾਇਤ ਘਟੀਆ ਔਰਤ ਹੈ। ਮੈਂ ਸ਼ਰਮਿੰਦਾ ਹਾਂ ਕਿ ਇਹ ਮੇਰੀ ਪਾਰਟੀ ਦੀ ਪਾਰਲੀਮੈਂਟ ਮੈਂਬਰ (ਨੇਤਾ ਨਹੀਂ) ਹੈ।' ਪਾਰਟੀ ਦੇ ਇੱਕ ਸੀਨੀਅਰ ਪਾਰਲੀਮੈਂਟ ਮੈਂਬਰ ਵਿਰੁੱਧ ਆਪਣੀ ਨਾਰਾਜ਼ਗੀ ਜ਼ਾਹਿਰ ਕਰਨ ਦੇ ਤਰੀਕੇ ਉੱਤੇ ਬਿਸ਼ਨੋਈ ਵਿਰੁੱਧ ਕੀ ਕੋਈ ਕਾਰਵਾਈ ਕੀਤੀ ਜਾਵੇਗੀ, ਇਸ ਬਾਰੇ ਮੱਧ ਪ੍ਰਦੇਸ਼ ਭਾਜਪਾ ਦੇ ਇੰਚਾਰਜ ਮੁਰਲੀਧਰ ਰਾਓ ਨੇ ਕਿਹਾ ਕਿ ਇਸ ਬਾਰੇ ਪਾਰਟੀ ਵਿੱਚਗੱਲਬਾਤ ਹੋਵੇਗੀ। ਮੇਨਕਾ ਗਾਂਧੀ ਨੇ ਵੈਟਰਨਰੀ ਡਾਕਟਰ ਨੂੰ ਗਾਹਲਾਂ ਕੱਢੀਆਂ ਸਨ ਤੇ ਉਸ ਦਾ ਲਾਈਸੈਂਸ ਰੱਦ ਕਰਵਾਉਣ ਦੀ



ਧਮਕੀ ਦਿੱਤੀ ਸੀ।ਉਹ ਇੱਕ ਵਿਅਕਤੀ ਤੋਂ ਉਸ ਦੇ ਕੁੱਤੇ ਦੀ ਸਰਜਰੀ ਕਰਨ ਲਈ ਲਿਆ ਪੈਸਾ ਵੀ ਮੋੜਨ ਨੂੰ ਕਹਿ ਰਹੀ ਸੀ ਅਤੇ ਮੇਨਕਾ ਨੇ ਡਾਕਟਰ ਦੀਆਂ ਡਿਗਰੀਆਂ ਉੱਤੇ ਵੀ ਸਵਾਲੀਆ ਨਿਸ਼ਾਨ ਲਾਇਆ। ਸੋਸ਼ਲ ਮੀਡੀਆ ਉੱਤੇ ਇਸ ਸਬੰਧ ਵਿੱਚ ਆਡੀਓ ਕਲਿਪ ਸਾਹਮਣੇ ਆਉਣ ਤੋਂ ਬਾਅਦ ਵਿਰੋਧ ਸ਼ੁਰੂ ਹੋ ਗਿਆ ਸੀ। ਵੈਟਰਨਰੀ ਡਾਕਟਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਕੇ ਮੇਨਕਾ ਗਾਂਧੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਆਮ ਆਦਮੀ ਪਾਰਟੀ ਦੇ ਨੇਤਾ ਸਾਬਕਾ ਆਈ ਜੀ ਕੁੰਵਰ ਵਿਜੇ ਪ੍ਰਤਾਪ ਵਿਰੁੱਧ ਸ਼ਿਕਾਇਤ ਦਰਜ

**ਅੰਮ੍ਰਿਤਸਰ।** ਆਮ ਆਦਮੀ ਪਾਰਟੀ ਦੇ ਨੇਤਾ ਅਤੇ ਸਾਬਕਾ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਖ਼ਿਲਾਫ਼ ਇੱਕ ਵੈੱਬ ਚੈਨਲ ਦੇ ਪੱਤਰਕਾਰ ਕਰੁਣ ਕੌੜਾ ਨੇ ਬਦਸਲੂਕੀ ਕਰਨ ਤੇ ਮਾਈਕ ਖੋਹਣ ਦਾ ਦੋਸ਼ ਲਾ ਕੇ ਅੱਜ ਏਥੇ ਪੁਲਸ ਕੋਲ ਇੱਕ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।



ਅੱਜ ਸੋਮਵਾਰ ਦੁਪਹਿਰ ਇਸਲਾਮਾਬਾਦ ਥਾਣੇ ਦਿੱਤੀ ਸ਼ਿਕ-ਾਇਤ ਵਿੱਚਕਰੁਣ ਕੌੜਾ ਨੇ ਸਾਬਕਾ ਆਈ ਜੀ ਕੁੰਵਰ ਵਿਜੇ ਪ੍ਰਤਾਪ, ਕਾਮੇਡੀ ਕਲਾਕਾਰ ਸੁਰਿੰਦਰ ਫਰਿਸ਼ਤਾ, ਫਿਲਮ ਕਲਾਕਾਰ ਅਰਵਿੰਦਰ ਭੱਟੀ, ਪ੍ਰਿੰਸ, ਕਾਲੜਾ ਅਤੇ ਉਨ੍ਹਾਂ ਦੇ 10-12 ਸਾਥੀਆਂਖ਼ਿਲਾਫ਼ ਸ਼ਿਕਾਇਤ ਦੇ ਕੇ ਕਾਰਵਾਈਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਦੇ ਰੁਝੇਵੇਂ ਕਾਰਨ ਉਹ ਮਿਲ ਨਹੀਂ ਸਕੇ।ਕੌੜਾ ਨੇ ਦੱਸਿਆ ਕਿ ਉਹ ਨਿੱਜੀ ਵੈੱਬ ਚੈਨਲ ਦੇ ਐਡੀਟਰ ਇਨ ਚੀਫ ਹਨ। ਛੋਟਾ ਹਰੀਪੁਰਾ ਵਿਚ ਆਮ ਆਦਮੀ ਪਾਰਟੀ ਦਾ ਪ੍ਰੋਗਰਾਮ ਸੀ ਤੇ ਉਨ੍ਹਾਂ ਨੂੰ ਕਵਰੇਜ ਦਾ ਸੱਦਾ ਮਿਲਿਆ ਸੀ।ਜਦੋਂ ਉਨ੍ਹਾਂ ਦੇ ਟੀਮ ਮੈਂਬਰ ਜਗਤਾਰ ਮਾਹਲਾ ਤੇ ਕੈਮਰਾਮੈਨ ਕਮਲ ਸਿੰਗਲਾ ਨੇ ਰਾਜਨੀਤੀ ਉੱਤੇ ਸਵਾਲ ਪੁੱਛਣੇ ਸ਼ੁਰੂ ਕੀਤੇ ਤਾਂ ਸਾਬਕਾ ਆਈ ਜੀਅਤੇ ਉਨ੍ਹਾਂ ਦੇ ਸਾਥੀ ਭੜਕ ਗਏ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਕੁੰਵਰ ਵਿਜੇ ਨੇ ਪੱਤਰਕਾਰ ਦੇ ਹੱਥੋਂ ਮਾਈਕ ਖੋਹ ਲਿਆ ਤੇ ਧੱਕਾ-ਮੁੱਕੀ ਕਰਦੇ ਹੋਏ ਮੋਬਾਈਲ ਵੀ ਖੋਹ ਲਿਆ।

ਡੀਐੱਸਪੀ ਸਵਰਨਜੀਤ ਸਿੰਘ ਨੇ ਦੱਸਿਆ ਕਿ ਦੂਸਰੀ ਧਿਰ ਨੇ ਵੀ ਸ਼ਿਕ-ਾਇਤ ਕਰ ਦਿੱਤੀ ਹੈ ਅਤੇ ਦੋਵਾਂ ਧਿਰਾਂ ਦੇ ਬਿਆਨ ਦਰਜ ਕੀਤੇ ਜਾਣਗੇ। ਦੂਸਰੀ ਧਿਰ ਦਾ ਦੋਸ਼ ਹੈ ਕਿ ਉਨ੍ਹਾਂ ਦਾ ਪ੍ਰੋਗਰਾਮ ਚੱਲ ਰਿਹਾ ਸੀ ਅਤੇ ਮੀਡੀਆ ਕਰਮੀ ਉੱਥੇ ਬਿਨਾਂ ਬੁਲਾਏ ਪੁੱਜੇ ਸਨ। ਮੀਡੀਆ ਕਰਮੀਆਂ ਉੱਤੇ ਜਾਤੀ ਸੂਚਕ ਸ਼ਬਦ ਕਹਿਣ ਦਾ ਵੀ ਦੋਸ਼ ਹੈ।

# ਕੈਪਟਨ ਅਮਰਿੰਦਰ ਅਤੇ ਹਰੀਸ਼ ਰਾਵਤ ਨੇ ਸੇਖੜੀ ਨੂੰ ਅਕਾਲੀ ਦਲ ਵਿੱਚ ਜਾਣੋਂ ਰੋਕ ਲਿਆ

**ਚੰਡੀਗੜ੍ਹ।** ਬਟਾਲਾ ਦੇ ਸਾਬਕਾ ਕਾਂਗਰਸੀ ਵਿਧਾਇਕ ਅਸ਼ਵਨੀ ਸੇਖੜੀ ਦੀ ਕਾਂਗਰਸ ਵਿੱਚੋਂ ਵਿਦਾਈ ਰੁਕ ਗਈ ਹੈ, ਵਰਨਾ ਉਹ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਵਾਲੇ ਸਨ।



ਵਰਨਣ ਯੋਗ ਹੈ ਕਿ ਕੱਲ੍ਹ ਪੂਰਾ ਦਿਨ ਅਸ਼ਵਨੀ ਸੇਖੜੀ ਨੂੰ ਮਨਾਉਣ ਦਾ ਸਿਲਸਿਲਾ ਚੱਲਦਾ ਰਿਹਾ। ਅਖੀਰ ਮੁੱਖ ਮੰਤਰੀ ਅਮਰਿੰਦਰ ਸਿੰਘ ਤੇ ਕਾਂਗਰਸ ਹਾਈ ਕਮਾਂਡ ਵੱਲੋਂ ਸੂਬਾ ਇੰਚਾਰਜ ਹਰੀਸ਼ ਰਾਵਤ ਦੇ ਦਖਲ ਮਗਰੋਂ ਸੇਖੜੀ ਦਾ ਅਕਾਲੀ ਦਲ ਵਿੱਚ ਜਾਣਾ ਟਲ ਗਿਆ। ਸਥਿਤੀ ਦਾ ਦੂਜਾ ਪਾਸਾ ਇਹ ਹੈ ਕਿ ਸੇਖੜੀ ਲਗਾਤਾਰ ਦੋਸ਼ ਲਾ ਰਹੇ ਸਨ ਕਿ ਉਨ੍ਹਾਂ ਦੇ ਬਟਾਲਾ ਇਲਾਕੇ ਵਿੱਚ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਖਲ ਦੇ ਰਹੇ ਹਨ ਅਤੇ ਪਾਰਟੀ ਤੇ ਸਰਕਾਰ ਵਿੱਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਅਸ਼ਣਨੀ ਸੇਖੜੀ ਦੇ ਅਕਾਲੀ ਦਲ ਵਿੱਚ ਜਾਣ ਬਾਰੇ ਸੂਚਨਾ ਤੋਂ ਬਾਅਦ ਪਾਰਟੀ ਵਿੱਚ ਇਸ ਗੱਲੋਂ ਘਬਰਾਹਟ ਹੋ ਰਹੀ ਸੀ ਕਿ ਕਿਤੇ ਹਿੰਦੂ ਆਗੂਆਂ ਨੂੰ ਨਜ਼ਰਅੰਦਾਜ਼ ਕਰਨ ਦਾ ਕਲੰਕ ਨਾ ਲੱਗ ਜਾਵੇ। ਉਥੇ ਗੁਰਦਾਸਪੁਰ ਵਿੱਚੋਂ ਬਟਾਲਾ ਹੀ ਇਹੋ-ਜਿਹੀ ਹਿੰਦੂ ਸੀਟ ਸੀ, ਜਿਸ ਉੱਤੇ ਕੈਬਨਿਟ ਮੰਤਰੀ ਤ੍ਰਿਪਤ ਬਾਜਵਾ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀਆਂ ਨਜ਼ਰਾਂ ਟਿਕੀਆਂ ਹਨ।

ਇਹ ਵੀ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਸ਼ਵਨੀ ਸੇਖੜੀ ਨੂੰ ਅਕਾਲੀ ਦਲ ਵਿੱਚ ਜਾਣ ਤੋਂ ਰੋਕ ਕੇ ਕਈ ਨਿਸ਼ਾਨੇ ਵਿੰਨ੍ਹ ਹਨ। ਸੇਖੜੀ ਦਾ ਦੋਸ਼ ਸੀ ਕਿ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਨ੍ਹਾਂ ਦੇ ਹਲਕੇ ਵਿੱਚ ਦਖਲ ਦੇ ਰਹੇ ਹਨ, ਪਰ ਸਥਿਤੀ ਇਹ ਹੈ ਕਿ ਮੁੱਖ ਮੰਤਰੀ ਦੇ ਕਰੀਬੀ ਰਹੇ ਤ੍ਰਿਪਤ ਬਾਜਵਾ ਅੱਜਕੱਲ੍ਹ ਮੁੱਖ ਮੰਤਰੀ ਦੇ ਵਿਰੋਧੀ ਗਰੁੱਪ ਵਿੱਚ ਸ਼ਾਮਲ ਹੋ ਗਏ ਹਨ। ਇਸ ਲਈ ਕੈਪਟਨ ਨੇ ਬਾਜਵਾ ਨੂੰ ਵੀ ਸਖਤ ਸੰਦੇਸ਼ ਦੇ ਦਿੱਤਾ ਹੈ।

# ਚੀਨ ਦੀ ਅਮਰੀਕਾ ਨੂੰ ਧਮਕੀ, ਤਾਈਵਾਨ ਦੀ ਆਜ਼ਾਦੀ ਦਾ ਅਰਥ ਜੰਗ



**ਬੀਜਿੰਗ।** ਅਮਰੀਕਾ ਅਤੇ ਤਾਈਵਾਨ ਵਿਚਕਾਰ ਵਧਦੀਆਂ ਨਜ਼ਦੀਕੀਆਂ ਤੋਂ ਚਿੜਿਆ ਚੀਨ ਸਿੱਧੀਆਂ ਧਮਕੀਆਂ ਉੱਤੇ ਉਤਰ ਆਇਆ ਹੈ। ਚੀਨੀ ਰੱਖਿਆ ਮੰਤਰਾਲੇ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਤਾਈਵਾਨ ਨਾਲ ਫ਼ੌਜ ਦਾ ਸੰਪਰਕ ਤੋੜ ਲਵੇ।

ਰੱਖਿਆ ਮੰਤਰਾਲੇ ਦੇ ਬੁਲਾਰੇ ਰੇਨ ਗੁਆਕਿਆਂਗ ਨੇ ਕਿਹਾ ਕਿ ਚੀਨ ਇਸ ਦੀਪ-ਦੇਸ਼ ਨੂੰ ਜੋੜਨ ਵਿੱਚ ਭਰੋਸਾ ਰੱਖਦਾ ਹੈ ਅਤੇ ਕਿਸੇ ਬਾਹਰੀ ਦਖ਼ਲ ਦਾ ਵਿਰੋਧ ਕਰਦਾ ਹੈ। ਉਨ੍ਹਾਂ ਨੇ ਅਮਰੀਕਾ ਨੂੰ ਤਾਈਵਾਨ ਨਾਲ ਸਾਰੇ ਫ਼ੌਜੀ ਸਬੰਧ ਤੋੜਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਚੀਨ ਨੇ ਜੀ-7 ਦੇਸ਼ਾਂ ਦੀ ਬੈਠਕ ਵਿੱਚ ਤਾਈਵਾਨ ਦਾ ਮੁੱਦਾ ਚੁੱਕੇ ਜਾਣ ਉੱਤੇ ਵੀ ਅਮਰੀਕਾ ਵਿਰੁੱਧ ਜ਼ਹਿਰ ਉਗਲਿਆ ਸੀ।ਰੇਨ ਦਾ ਕਹਿਣਾ ਹੈ ਕਿ ਚੀਨ ਨੂੰ ਫਿਰ ਇਕੱਠਾ ਕਰਨਾ ਇੱਕ ਇਤਿਹਾਸਕ ਲੋੜ ਹੈ ਅਤੇ ਇਸ ਨੂੰ ਕੋਈ ਰੋਕ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਤਾਈਵਾਨ ਸਟੇਟ ਵਿੱਚ ਲੋਕ ਸ਼ਾਂਤੀ ਅਤੇ ਸਥਿਰਤਾ ਚਾਹੁੰਦੇ ਹਨ। ਤਾਈਵਾਨ ਦੀ ਆਜ਼ਾਦੀ ਦਾ ਕੋਈ ਮਤਲਬਤ ਨਹੀਂ ਤੇ ਉਸ ਦੇ ਪਿੱਛੇ ਦੌੜਨ ਦਾ ਮਤਲਬ ਹੈ ਜੰਗ।

ਰੇਨ ਨੇ ਅਮਰੀਕਾ ਨੂੰ ਉਸ ਦੀ ਵਨ-ਚਾਈਨਾ ਪਾਲਿਸੀ ਦਾ ਪਾਲਣ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਚੀਨ ਨੇ ਤਾਈਵਾਨ ਵੱਲ 28 ਲੜਾਕੂ ਜਹਾਜ਼ ਭੇਜੇ। ਤਾਈਵਾਨ ਦੇ ਰੱਖਿਆ ਮੰਤਰਾਲੇ ਨੇ ਇਹ ਦਾਅਵਾ ਕੀਤਾ ਸੀ। ਮੰਤਰਾਲਾ ਨੇ ਕਿਹਾ ਕਿ ਪਿਛਲੇ ਸਾਲ ਤੋਂ ਪੇਈਚਿੰਗ ਦੇ ਲੜਾਕੂ ਜਹਾਜ਼ ਲੱਗਭਗ ਰੋਜ਼ ਤਾਈਵਾਨ ਵੱਲ ਉਡਾਣ ਭਰਦੇ ਹਨ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਸਭ ਤੋਂ ਵੱਧ ਗਿਣਤੀ ਵਿੱਚ ਇੱਕੋ ਦਿਨ ਵਿੱਚ ਅਜਿਹੇ ਜਹਾਜ਼ ਚੀਨ ਨੇ ਭੇਜੇ ਜਦਕਿ ਜੀ-7 ਦੇਸ਼ਾਂ ਨੇ ਇਸ ਲਈ ਚੀਨ ਨੂੰ ਨਿਸ਼ਾਨੇ ਉੱਤੇ ਲਿਆ ਸੀ। ਚੀਨ ਨੇ ਇਸ ਨੂੰ ਰੂਟੀਨ ਅਭਿਆਸ ਦੱਸਿਆ ਸੀ।ਜੀ-7 ਦੇਸ਼ਾਂ ਦੇ ਨੇਤਾਵਾਂ ਨੇ ਬਿਆਨ ਜਾਰੀ ਕਰਕੇ ਤਾਈਵਾਨ ਤਣਾਅ ਮੁੱਦੇ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਸੁਲਝਾਉਣ ਦੀ ਅਪੀਲ ਕੀਤੀ ਸੀ, ਜਿਸ ਤੋਂ ਬਾਅਦ ਚੀਨ ਨੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਅ ਲਿਜੀਆਨ ਨੇ ਕਿਹਾ ਸੀ ਕਿ ਜੀ-7 ਗਰੁੱਪ ਜਾਣਬੁੱਝ ਕੇ ਚੀਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਾਖ਼ਲ ਦੇ ਰਿਹਾ ਹੈ।

# ਸਰਪੰਚ ਲਖਵਿੰਦਰ ਸਿੰਘ ਤੇ ਕੀਤਾ ਜਾਨਲੇਵਾ ਹਮਲਾ ਅਤਿਨਿੰਦਨ ਯੋਗ ਹੈ-ਸਾਰਜ ਸਿੰਘ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਜਿਥੇ ਕਿ ਕੈਪਟਨ ਸਰਕਾਰ ਵਲੋਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਤਰ੍ਹਾਂ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਹਜੇ ਕੱਲ੍ਹ ਹੀ ਫਿਰੋਜ਼ਪੁਰ ਪੁਲਿਸ ਵਲੋਂ ਨਸ਼ਿਆਂ ਖਿਲਾਫ ਸਾਇਕਲ ਰੈਲੀ ਕੱਢੀ ਗਈ ਹੈ ਤੇ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਲਈ ਇੱਕ ਹੈਲਪ ਲਾਈਨ ਨੰਬਰ ਵੀ ਜਾਰੀ ਕੀਤਾ ਗਿਆ ਹੈ ਕਿ ਨਸ਼ਾ ਤਸਕਰਾਂ ਦੀ ਜਾਣਕਾਰੀ ਦੇਣ ਵਾਲੇ ਦਾ ਨਾਮ ਪਤਾ ਗੁਪਤ ਰੱਖਿਆ ਜਾਵੇਗਾ ਪਰ ਅਗਰ ਕਿਸੇ ਵਲੋਂ ਨਸ਼ਾ ਤਸਕਰਾਂ ਖਿਲਾਫ ਬੋਲਣ ਦੀ ਹਿੰਮਤ ਕੀਤੀ ਜਾਂਦੀ ਹੈ ਤਾਂ ਉਸ ਤੇ ਜਾਨਲੇਵਾ ਹਮਲਾ ਉਹਨਾਂ ਨਸ਼ਾ ਤਸਕਰਾਂ ਵਲੋਂ ਕੀਤਾ ਜਾਂਦਾ ਹੈ ਤੇ ਨਸ਼ਿਆਂ ਖਿਲਾਫ ਰੈਲੀ ਕੱਢਣ ਵਾਲੇ ਉਸ ਬੰਦੇ ਦੀ ਸਾਰ ਤੱਕ ਨਹੀਂ ਲੈਂਦੇ ਤੇ ਉਸ ਬੰਦੇ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਇਹਨਾਂ ਨਸ਼ਾ ਤਸਕਰਾਂ ਵਲੋਂ ਦਿੱਤੀਆਂ ਜਾਂਦੀਆਂ ਹਨ ਤਾਜਾ ਹੀ ਮਾਮਲਾ ਪਿੰਡ ਖੰਭਾ ਦਾ ਹੈ ਜਿੱਥੇ ਕਿ ਸਰਪੰਚ ਲਖਵਿੰਦਰ ਸਿੰਘ ਤੇ ਨਸ਼ਾ ਤਸਕਰਾਂ ਵਲੋਂ ਜਾਨਲੇਵਾ ਹਮਲਾ ਕੀਤਾ ਗਿਆ ਜਾਣਕਾਰੀ ਮੁਤਾਬਕ ਮੌਜੂਦਾ ਸਰਪੰਚ ਲਖਵਿੰਦਰ ਸਿੰਘ ਵਲੋਂ ਦੋਸ਼ੀਆ ਗੁਰਚਰਨਜੀਤ ਸਿੰਘ ਚੰਨਾ,ਹਰਮੇਸ਼ ਸਿੰਘ,ਹਰਜਿੰਦਰ ਸਿੰਘ ਉਰਫ ਰਾਜੂ ਦੇ ਛੋਟੇ ਬੇਟੇ ਦੇ ਖਿਲਾਫ 15 ਦਿਨ ਪਹਿਲਾਂ ਥਾਣਾ ਲੱਖੋ ਕੇ ਬਹਿਰਾਮ ਵਿਖੇ ਇਹਨਾਂ ਦੋਸ਼ੀਆਂ ਵਲੋਂ ਮਿਲ ਰਹੀਆਂ ਧਮਕੀਆਂ ਨੂੰ ਲੈ ਕੇ ਦਰਖਾਸਤ ਦਿੱਤੀ ਸੀ ਜਿਸ ਤੇ ਪੁਲਿਸ ਵਲੋਂ ਕੋਈ ਵੀ ਕਾਰਵਾਈ ਨਹੀ ਕੀਤੀ ਗਈ। ਪਿਛਲੇ ਦਿਨੀਂ ਇਹਨਾਂ ਦੋਸ਼ੀਆਂ ਦਾ ਇੱਕ ਬੰਦਾ ਜੋ ਕੇ ਨਸ਼ੇ ਦੀਆਂ ਗੋਲੀਆਂ ਵੇਚਣ ਨੂੰ ਲੈ ਕੇ ਅਦਾਲਤ ਵਲੋਂ ਭਗੌੜਾ ਕਰਾਰ ਸੀ ਜਿਸ ਨੂੰ ਕਿ ਪਿਛਲੀ ਦਿਨੀ ਪੁਲਿਸ ਵਲੋਂ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਦੋਸ਼ੀਆਂ ਨੂੰ ਇਹ ਸ਼ੱਕ ਸੀ ਕਿ ਸਾਡਾ ਬੰਦਾ ਸਰਪੰਚ ਨੇ ਹੀ ਪੁਲਿਸ ਨੂੰ ਫੜਵਾਇਆ ਹੈ ਜਿਸ ਤੇ ਤਲਖੀ ਖਾਂਦਿਆਂ ਅੱਜ ਦੋਸ਼ੀਆਂ ਨੇ ਆਪਣੇ ਨਾਲ ਮਾਰੂ ਹਥਿਆਰ ਲੈ ਕੇ ਸਰਪੰਚ ਲਖਵਿੰਦਰ ਸਿੰਘ ਤੇ ਜਾਨਲੇਵਾ ਹਮਲਾ ਕਰ ਦਿੱਤਾ ਤੇ ਦੋਸ਼ੀਆਂ ਵਲੋਂ ਹਵਾਈ ਫਾਇਰ ਵੀ ਕੀਤੇ ਗਏ। ਜਖਮੀ ਹਾਲਤ ਵਿੱਚ ਸਰਪੰਚ ਲਖਵਿੰਦਰ ਸਿੰਘ ਨੂੰ ਸਰਕਾਰੀ ਹਸਪਤਾਲ ਮਮਦੋਟ ਦਾਖਿਲ ਕਰਵਾਇਆ ਗਿਆ ਜਿਸ ਦੇ ਕਿ ਸਿਰ ਤੇ ਕਾਫੀ ਡੂੰਘੀਆਂ ਸੱਟਾਂ ਲੱਗੀਆਂ ਹਨ । ਇਸ ਮਾਮਲੇ ਸੰਬੰਧੀ ਸਰਪੰਚ ਯੂਨੀਅਨ ਮਮਦੋਟ ਦੇ ਪ੍ਰਧਾਨ ਸਾਰਜ ਸਿੰਘ ਵਲੋਂ ਤਿਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਮੰਗ ਕੀਤੀ ਕੇ ਦੋਸ਼ੀਆਂ ਨੂੰ ਜਲਦ ਜਲਦ ਸਲਾਖਾਂ ਪਿੱਛੇ ਸੁੱਟਿਆ ਜਾਵੇ ਤੇ ਸਰਪੰਚ ਲਖਵਿੰਦਰ ਸਿੰਘ ਨੂੰ ਨਿਆਂ ਦਵਾਇਆ ਜਾਏ ਅਗਰ ਇਸ ਮਾਮਲੇ ਵਿੱਚ ਪੁਲਿਸ ਵਲੋਂ ਢਿੱਲੀ ਕਾਰਗੁਜ਼ਾਰੀ ਵਰਤੀ ਗਈ ਤਾਂ ਸਾਡੀ ਯੂਨੀਅਨ ਵਲੋਂ ਰੋਡ ਬੰਦ ਕਰਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਸੋ ਹੁਣ ਦੇਖਣਾ ਇਹ ਹੋਵੇਗਾ ਕਿ ਥਾਣਾ ਪੁਲਿਸ ਲੱਖੋ ਕੇ ਇਸ ਮਾਮਲੇ ਸੰਬੰਧੀ ਕਿੰਨੀ ਕੁ ਤੇਜੀ ਵਰਤਦੀ ਹੈ ਜਾਂ ਫਿਰ ਇਸ ਮਾਮਲੇ ਨੂੰ ਅਣਗੌਲਿਆਂ ਕਰਕੇ ਇਸ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਵੇਗਾ।



# ਸ਼ਹਿਰ ਵਿਚ ਮਜ਼ਬੂਤੀ ਬਣਾਉਣ ਲਈ ਵੰਡ ਰਹੀ ਹੈ ਪੌਦੇ

**ਚੰਡੀਗੜ (ਦੀਪਕ ਸਰਮਾ)** ਪਿਛਲੀ ਲੋਕ ਸਭਾ ਚੋਣਾਂ ਵਿਚ ਆਪ ਦੀ ਸ਼ਹਿਰ ਵਿਚ ਜ਼ਮਾਨਤ ਵੀ ਜਬਤ ਹੋ ਗਈ ਸੀ । ਇਸ ਲਈ, ਹੁਣ ਆਮ ਆਦਮੀ ਪਾਰਟੀ ਸਹਿਰ ਵਿਚ ਸਮਾਜਿਕ ਕੰਮਾਂ ਨੂੰ ਉਤਸਾਹਤ ਕਰਕੇ ਲੋਕਾਂ ਨੂੰ ਖੁਸ ਕਰਨਾ ਚਾਹੁੰਦੀ ਹੈ ਤਾਂ ਜੋ ਉਹਨਾਂ ਦੇ ਵੋਟ ਵੱਧ ਸਕਣ । ਆਮ ਆਦਮੀ ਪਾਰਟੀ ਇਸ ਸਮੇਂ ਸਹਿਰ ਵਿੱਚ ਮਜਬੂਤ ਨਹੀਂ ਹੈ । ਇਸ ਦੇ ਲਈ ਆਮ ਆਦਮੀ ਪਾਰਟੀ ਨੇ ਸਹਿਰ ਵਿੱਚ ਬੂਟੇ ਵੰਡਣ ਦੀ ਮੁਹਿੰਮ ਸੁਰੂ ਕਰਨ ਦਾ ਦਾਅਵਾ ਕੀਤਾ ਹੈ । ਆਪ ਨੇ ਸਹਿਰ ਵਾਸੀਆਂ ਨੂੰ ਇਕ ਲੱਖ 11 ਹਜਾਰ ਬੂਟੇ ਮੁਫਤ ਵੰਡਣ ਦਾ ਐਲਾਨ ਕੀਤਾ ਹੈ । ਆਮ ਆਦਮੀ ਪਾਰਟੀ ਦੇ ਨੇਤਾ ਚੰਦਰ ਮੁਖੀ ਸਰਮਾ ਨੇ ਵਾਤਾਵਰਣ ਦੀ ਸੰਭਾਲ ਕਰਨ ਦੀ ਲੋੜ ਦੀ ਜੋਰਦਾਰ ਵਕਾਲਤ ਕੀਤੀ ਅਤੇ ਸਹਿਰ ਵਾਸੀਆਂ ਨੂੰ ਮੁਫਤ ਬੂਟੇ ਵੰਡਣ ਦਾ ਐਲਾਨ ਕੀਤਾ।

ਚੰਦਰਮੁਸੀ ਸਰਮਾ ਨੇ ਕਿਹਾ ਕਿ ਮਹਾਂਮਾਰੀ ਦੇ ਸਮੇਂ ਚਿਕਿਤਸਕ ਗੁਣ, ਫਲ, ਫੁੱਲ ਆਦਿ ਦੇ ਦਰੱਖਤ ਲਗਾਉਣੇ ਜਰੂਰੀ ਹਨ ਕਿਉਂਕਿ ਇਸ ਨਾਲ ਸਮਾਜ ਦੀ ਸਮੁੱਚੀ ਭਲਾਈ ਹੋ ਸਕਦੀ ਹੈ। ਇਹ ਮੁਹਿੰਮ ਇਕ ਮਹੀਨੇ ਤੱਕ ਚੱਲੇਗੀ । ਉਨਾਂ ਕਿਹਾ ਕਿ ਉਹ ਸਾਰੇ ਧਾਰਮਿਕ ਸੰਸਥਾਵਾਂ ਦੇ ਬਾਹਰ ਪੜਾਅਵਾਰ ਤਰੀਕੇ ਨਾਲ ਬੂਟੇ ਵੰਡਣਗੇ । ਇਸ ਸਮੇਂ, ਆਪ ਇਕ ਜੈਵਿਕ ਸਾਂਝੀ ਸੰਸਥਾ ਦੀ ਸਹਾਇਤਾ ਨਾਲ ਸਹਿਰ ਵਿਚ ਤੁਲਸੀ ਦੇ ਪੌਦੇ ਪਹਿਲਾਂ ਹੀ ਵੰਡ ਰਹੀ ਹੈ । ਉਨਾਂ ਕਿਹਾ ਕਿ ਕੋਈ ਵੀ ਵਿਅਕਤੀ ਵਟਸਐਪ ਨੰਬਰ 9041773096 'ਤੇ ਸੁਨੇਹਾ ਭੇਜ ਕੇ ਬੂਟੇ ਮੰਗਵਾ ਸਕਦਾ ਹੈ । ਐਨ.ਜੀ.ਓ ਆਰਡ.ਬਲਯੂ.ਏ ਮਾਰਕੀਟ ਐਸੋਸੀਏਸਨ ਅਤੇ ਧਾਰਮਿਕ ਸੰਸਥਾਵਾਂ ਵੀ ਬੂਟੇ ਮੰਗਵਾਉਣ ਦੇ ਆਦੇਸ ਦੇ ਸਕਦੀਆਂ ਹਨ ।

ਪ੍ਰਸਾਸਨ ਅਤੇ ਜੰਗਲਾਤ ਵਿਭਾਗ ਨੇ ਸਹਿਰ ਵਿੱਚ ਬੂਟੇ ਵੰਡਣ ਦਾ ਐਲਾਨ ਵੀ ਕੀਤਾ ਹੈ। ਪਿਛਲੇ ਸਾਲ ਕੋਰੋਨਾ ਦੀ ਪਹਿਲੀ ਲਹਿਰ ਵਿਚ ਬੂਟੇ ਲਗਾਉਣ ਦੀ ਮੁਹਿੰਮ ਦੀ ਸੁਰੂਆਤ ਨਹੀਂ ਹੋ ਪਾਈ ਸੀ । ਸਰਮਾ ਦਾ ਕਹਿਣਾ ਹੈ ਕਿ ਇਹ ਪਹਿਲ ਵਾਤਾਵਰਣ ਸੁਰੱਖਿਆ ਦੇ ਸਾਰਥਕ ਉਦੇਸ ਨੂੰ ਧਿਆਨ ਵਿਚ ਰੱਖਦਿਆਂ ਇਕੋ ਸਮੇਂ ਸੁਰੂ ਕੀਤੀ ਗਈ ਹੈ । ਉਨਾਂ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਸੈਕਟਰ -27 ਵਿੱਚ 800 ਤੋਂ ਵੱਧ ਬੂਟੇ ਵੰਡੇ ਗਏ ਸਨ ।

# ਆਪ ਦੀ ਸਰਕਾਰ ਆਉਣ ਤੇ ਹਰ ਘਰ ਨੂੰ ਹਰ ਮਹੀਨੇ 300 ਯੂਨਿਟ ਫ੍ਰੀ ਦੇ ਨਾਲ ਪੁਰਾਣੇ ਬਿੱਲ ਵੀ ਹੋਣਗੇ ਮਾਫ: ਆਸ਼ੂ ਬੰਗੜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਤੇ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਵੱਲੋਂ ਚੰਡੀਗੜ੍ਹ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਤਿੰਨ ਵੱਡੇ ਐਲਾਨ ਕੀਤੇ ਹਨ। ਉੱਥੇ ਅਮਰਦੀਪ ਸਿੰਘ ਆਸ਼ੂ ਬੰਗੜ ਜ਼ਿਲ੍ਹਾ ਮੀਤ ਪ੍ਰਧਾਨ ਐਸ ਸੀ ਵਿੰਗ ਤੇ ਹਲਕਾ ਫਿਰੋਜ਼ਪੁਰ ਦਿਹਾਤੀ ਤੋ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਨੇ ਸ੍ਰੀ ਅਰਵਿੰਦ ਕੇਜਰੀਵਾਲ ਨੇ ਬਿਜਲੀ ਦੀਆਂ ਦਰਾਂ ਨੂੰ ਲੈ ਕੇ ਕੀਤੇ ਤਿੰਨ ਵੱਡੇ ਐਲਾਨਾ ਦੀ ਸ਼ਲਾਘਾ ਕੀਤੀ ਗਈ ਹੈ। ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜਿੱਥੇ ਸੂਬਾ ਸਰਕਾਰ ਵਲੋਂ ਪੰਜਾਬ ਵਾਸੀਆਂ ਤੇ ਬਿਜਲੀ ਤੇ ਵੱਡੇ ਬੋਝ ਪਾਏ ਜਾ ਰਹੇ ਹਨ। ਉੱਥੇ ਹੀ ਆਮ ਆਦਮੀ ਪਾਰਟੀ ਵੱਲੋਂ ਕੀਤੇ ਬਿਜਲੀ ਦੇ ਐਲਾਨ ਨਾਲ ਪੰਜਾਬ ਵਾਸੀਆਂ ਲਈ ਰਾਹਤ ਭਰਿਆ ਸੁਨੇਹਾ ਦਿੱਤਾ ਹੈ। ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਲੋਕਾਂ ਨੂੰ ਬਿਜਲੀ ਦੇ ਮਹਿੰਗੇ ਬਿੱਲਾਂ ਦੇ ਬੋਝ ਹੇਠ ਵੀ ਨਹੀਂ ਹੁਣ ਜਿਊਣਾ ਪਵੇਗਾ। ਤੁਹਾਨੂੰ ਦੱਸ ਦੇਈਏ ਕਿ ਕਿਹੜੇ ਤਿੰਨ ਵਾਅਦੇ ਕੀਤੇ ਹਨ ਅਰਵਿੰਦ ਕੇਜਰੀਵਾਲ ਵਾਲ ਪੰਜਾਬ ਦੇ ਲੋਕਾਂ ਨਾਲ ਉਹਨਾਂ ਕਿਹਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਨੰਬਰ 1 ਹਰ ਘਰ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਮਿਲੇਗੀ। ਨੰਬਰ 2 ਬਿਜਲੀ ਦੇ ਪੁਰਾਣੇ ਰੁੱਕੇ ਹੋਏ ਵੀ ਹੋਣਗੇ ਮਾਫ਼, ਨੰਬਰ 3, 24 ਘੰਟੇ ਬਿਜਲੀ ਸਪਲਾਈ ਮਿਲੇਗੀ।



# ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਪੰਥ ਰਤਨ ਸੰਤ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ 52ਵੀਂ ਬਰਸੀ ਸ਼ਰਧਾ ਨਾਲ ਮਨਾਈ

**ਮਹਿਤਾ ਚੌਕ (ਕੁਲਵੰਤ ਸਿੰਘ ਵਿਰਦੀ)** ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਪੰਥ ਰਤਨ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ 52ਵੀਂ ਬਰਸੀ 'ਤੇ ਸਲਾਨਾ ਜੋੜ ਮੇਲਾ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਸਿੱਖ ਕੌਮ ਨੂੰ ਦਰਪੇਸ਼ ਮਾਮਲਿਆਂ ਦੇ ਹੱਲ ਲਈ ਸਿਰ ਜੋੜ ਕੇ ਬੈਠਣ ਤੇ ਗੁਰਮਤਿ ਦੀ ਸਾਂਝ ਪਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰੋ ਸਰਚਾਂਦ ਸਿੰਘ ਮੁਤਾਬਕ ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਪੰਥ ਦੀ ਰੂਹ ਹੈ, ਜਿਸ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਸਮੇਂ ਤੋਂ ਪੰਥ ਨੂੰ ਸਮਰਪਿਤ ਹੋ ਕੇ ਅਤੇ ਨਿਸ਼ਕਾਮ ਰਹਿ ਕੇ ਕੌਮ ਦੀ ਸੇਵਾ ਕੀਤੀ। ਅੰਗਰੇਜ਼ ਰਾਜਕਾਲ 'ਚ ਵੀ ਇਸ ਜਥੇਬੰਦੀ ਨੇ ਗੁਰਦੁਆਰਾ ਸੁਧਾਰ ਲਹਿਰ 'ਚ ਅਹਿਮ ਯੋਗਦਾਨ ਪਾਉਣ ਤੋਂ ਇਲਾਵਾ ਜ਼ਾਲਮ ਸਰਕਾਰ ਖ਼ਿਲਾਫ਼ ਸੰਗਤ ਨੂੰ ਲਾਮਬੰਦ ਕਰਨ ਲਈ ਗੁਰਮਤਿ ਦੀਵਾਨ ਸਜਾਏ ਗਏ। ਦਮਦਮੀ ਟਕਸਾਲ ਵੱਲੋਂ ਸੰਗਤ ਨੂੰ ਜਾਗਰੂਕ ਕਰਨ ਦਾ ਇਹ ਕਾਰਜ 20ਵੀਂ ਸਦੀ 'ਚ ਵੀ ਅਤੇ ਹੁਣ ਤਕ ਵੀ ਨਿਰੰਤਰ ਜਾਰੀ ਹੈ। ਉਨ੍ਹਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਜੀਵਨ ਬਾਰੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਮਹਾਂਪੁਰਸ਼ਾਂ ਦਾ ਜੀਵਨ ਸਾਡੇ ਲਈ ਪ੍ਰੇਰਨਾ ਸ੍ਰੋਤ ਹਨ, ਆਪ ਜੀ ਉੱਚ ਕੋਟੀ ਦੇ ਕਾਵਿ ਗਿਆਤਾ ਅਤੇ ਨਾਮ ਰਸ ਵਿਚ ਭਿੱਜੀ ਹੋਈ ਮਹਾਨ ਆਤਮਾ , ਚਲਦੀ-ਫਿਰਦੀ ਯੂਨੀਵਰਸਿਟੀ ਸਨ ਅਤੇ ਗੁਰਮਤਿ ਮਰਿਆਦਾ 'ਤੇ ਪੂਰਨ ਪਹਿਰਾ ਦੇਣ ਵਾਲੇ ਸਨ। ਜਿਨ੍ਹਾਂ ਹਜ਼ਾਰਾਂ ਸਿੰਘਾਂ ਨੂੰ ਗੁਰ-ਮਤਿ ਵਿੱਦਿਆ ਪੜ੍ਹਾਉਣ, ਗੁਰਬਾਣੀ ਦੀ ਸ਼ੁੱਧ ਸੰਥਿਆ ਅਤੇ ਅਰਥ ਪੜ੍ਹਾਉਣ ਦੀ ਨਿਸ਼ਕਾਮ ਸੇਵਾ ਤੇ ਜ਼ੁੰਮੇਵਾਰੀ ਅਖੀਰਲੇ ਸਵਾਸਾਂ ਤੱਕ ਨਿਭਾਉਂਦਿਆਂ ਅਨਮੋਲ ਖ਼ਜ਼ਾਨਾ ਵੰਡਿਆ। ਮਹਾਂ ਪੁਰਖਾਂ ਦੇ ਪਰਉਪਕਾਰਾਂ ਦੀ ਗਲ ਕਰਦਿਆਂ ਉਨਾਂ ਕਿਹਾ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ 40 ਸਾਲ ਹਿੰਦੁਸਤਾਨ ਦੇ ਕੋਨੇ ਕੋਨੇ ਵਿਚਰ ਕੇ ਗੁਰਬਾਣੀ ਕਥਾ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ। ਅਨੇਕਾਂ ਨੌਜਵਾਨਾਂ ਤੋਂ ਨਸ਼ਾ ਛੁਡਾਉਣ ਅਤੇ ਅਨੇਕਾਂ ਨੂੰ ਅੰਮ੍ਰਿਤ ਛਕਾਇਆ। ਉਨ੍ਹਾਂ ਦੇਹਧਾਰੀ ਗੁਰੂ ਡੰਮ੍ਹ ਦਾ ਸਖ਼ਤ ਵਿਰੋਧ ਕੀਤਾ ਅਤੇ ਪੰਥ ਵਿਚ ਜਾਗ੍ਰਿਤੀ ਪੈਦਾ ਕੀਤੀ। ਜਿਨ੍ਹਾਂ ਦੇ ਨਕਸ਼ੇ ਕਦਮਾਂ ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ, ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਚਲੇ ਅਤੇ ਕੌਮ ਨੂੰ ਅਗਵਾਈ ਦਿੱਤੀ। ਇਸ ਮੌਕੇ ਬੋਲਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖ਼ਾਲਸਾ ਨੇ ਕਿਹਾ ਕਿ ਸਿੱਖ ਕੌਮ ਦੇ ਮਹਾਨ ਰੁਤਬੇ ਸਾਡੇ ਲਈ ਸਤਿਕਾਰਯੋਗ ਹਨ ਪਰ ਇਨ੍ਹਾਂ ਅਹੁਦਿਆਂ 'ਤੇ ਬੈਠੇ ਕੁਝ ਵਿਅਕਤੀਆਂ ਦੀਆਂ ਕੌਮੀ ਫ਼ਰਜ਼ਾਂ ਪ੍ਰਤੀ ਅਵੇਸਲਾਪਣ ਕੌਮ ਦੀ ਚੜ੍ਹਦੀਕਲਾ 'ਚ ਰੁਕਾਵਟਾਂ ਪੈਦਾ ਕਰ ਰਹੀਆਂ ਹਨ। ਉਨਾ ਜ਼ੁੰਮੇਵਾਰ ਵਿਅਕਤੀਆਂ ਨੂੰ ਵਾਪਰ ਰਹੀਆਂ ਘਟਨਾਵਾਂ ਵਿਸ਼ੇਸ਼ ਕਰ ਕੇ ਬੇਅਦਬੀਆਂ ਵਲ ਸਖ਼ਤ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਮੁੱਚੀ ਕੌਮ ਇਨਾ ਵਿਸ਼ੇਸ਼ ਵਿਅਕਤੀਆਂ ਦਾ ਇਸੇ ਕਰ ਕੇ ਸਨਮਾਨ ਕਰਦੀਆਂ ਹਨ ਕਿਉਂਕਿ ਇਨ੍ਹਾਂ ਨੇ ਹੀ ਮੀਰੀ ਪੀਰੀ ਦੇ ਸਿਧਾਂਤ ਦੀ ਰਾਖੀ ਅਤੇ ਪਹਿਰਵਾਈ ਕਰਨੀ ਹੁੰਦੀ ਹੈ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ



ਜੇ ਕਰ ਜਥੇਦਾਰ ਸਾਹਿਬ ਆਪਣੀਆਂ ਜ਼ੁੰਮੇਵਾਰੀਆਂ ਤੋਂ ਅਵੇਸਲਾ ਹੋਵੇਗਾ ਜਾਂ ਕਿਸੇ ਘਟਨਾ ਪ੍ਰਤੀ ਪਰਦਾਪੋਸ਼ੀ ਕਰੇਗਾ ਤਾਂ ਇਹ ਪੰਥਕ ਭਾਵਨਾਵਾਂ ਨਾਲ ਇਨਸਾਫ਼ ਨਹੀਂ ਹੋਵੇਗਾ।

ਇਸ ਮੌਕੇ ਸਿੰਘ ਸਾਹਿਬ ਗਿਆਨ. ਚਰਨ ਸਿੰਘ ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਪੰਥ ਦੀ ਸੇਵਾ 'ਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਇਸ ਮੌਕੇ ਮਹਾਂਪੁਰਖਾਂ ਦਾ ਵਿਛੋੜਾ ਨਾ ਝੱਲਦਿਆਂ ਉਨ੍ਹਾਂ ਦੇ ਪਵਿੱਤਰ ਅੰਗੀਠੇ ਵਿਚ ਆਪਾ ਕੁਰਬਾਨ ਕਰਦਿਆਂ ਸੱਚਖੰਡ ਪਿਆਨਾ ਕਰਨ ਵਾਲੇ ਭਾਈ ਗੁਰਮੁਖ ਸਿੰਘ ਉੜੀਸਾ ਨੂੰ ਵੀ ਯਾਦ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਰਾਗੀ ਭਾਈ ਰਾਮ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਭਾਈ ਜਗਤਾਰ ਸਿੰਘ ਰੋਡੇ, ਗਿਆਨੀ ਜੀਵਾ ਸਿੰਘ, ਗਿਆਨੀ ਸਾਹਬ ਸਿੰਘ, ਗਿਆਨੀ ਪਰਵਿੰਦਰ ਪਾਲ ਸਿੰਘ ਬੁੱਟਰ, ਭਾਈ ਸੁਰਜੀਤ ਸਿੰਘ ਅਰਦਾਸੀਆ, ਬਾਬਾ ਮੇਜਰ ਸਿੰਘ ਬੇਰ ਸਾਹਿਬ, ਬਾਬਾ ਗੁਰਦੇਵ ਸਿੰਘ ਤਰਸਿਕਾ, ਬਾਬਾ ਗੁਰਭੇਜ ਸਿੰਘ ਖੁਜਾਲਾ, ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ, ਬਾਬਾ ਗੁਰਦਿਆਲ ਸਿੰਘ ਲੰਗੇਆਣਾ, ਬਾਬਾ ਜਸਪਾਲ ਸਿੰਘ ਮੰਜੀ ਸਾਹਿਬ, ਭਾਈ ਇਕਬਾਲ ਸਿੰਘ ਤੁੰਗ, ਗਿਆਨੀ ਬਲਵਿੰਦਰ ਸਿੰਘ ਰੋਡੇ, ਗਿਆਨੀ ਰਸ਼ਪਾਲ ਸਿੰਘ, ਭਾਈ ਰਣਜੋਧ ਸਿੰਘ, ਭਾਈ ਗੁਰਦੇਵ ਸਿੰਘ ਬੜਿਆਣਾ, ਭਾਈ ਮਨਦੀਪ ਸਿੰਘ ਜੌਹਲ, ਜਥੇ: ਸੁਖਦੇਵ ਸਿੰਘ, ਜਥੇ: ਤਰਲੋਚਨ ਸਿੰਘ, ਭਾਈ ਚਮਕੌਰ ਸਿੰਘ, ਸ਼ਮਸ਼ੇਰ ਸਿੰਘ ਜੇਠੂਵਾਲ, ਜਥੇ: ਸੁਖਦੇਵ ਸਿੰਘ ਕੁਹਾਰ , ਜਥੇ: ਤਰਲੋਕ ਸਿੰਘ, ਭਾਈ ਜਰਨੈਲ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਕਾਰਜ ਸਿੰਘ ਮੋਦੇ, ਸਰਪੰਚ ਬਲਦੇਵ ਸਿੰਘ ਮੀਆਂ ਪੰਧੇਰ, ਭਾਈ ਹੀਰਾ ਸਿੰਘ ਮਨਿਆਲਾ, ਸਰਪੰਚ ਕਸ਼ਮੀਰ ਸਿੰਘ ਕਾਲਾ, ਡਾ ਗੁਰਪ੍ਰਤਾਪ ਸਿੰਘ, ਪ੍ਰਿ ਗੁਰਦੀਪ ਸਿੰਘ ਰੰਧਾਵਾ, ਜਥੇ: ਬੋਹੜ ਸਿੰਘ, ਹਰਜਿੰਦਰ ਸਿੰਘ ਸਰਪੰਚ ਮਹਿਤਾ, ਸਰਪੰਚ ਤਰਸੇਮ ਸਿੰਘ ਤਾਹਰਪੁਰ ,ਲਖਵਿੰਦਰ ਸਿੰਘ ਸੋਨਾ, ਹਰਸ਼ਦੀਪ ਸਿੰਘ ਰੰਧਾਵਾ, ਅਵਤਾਰ ਸਿੰਘ ਬੁੱਟਰ, ਭਾਈ ਮਨਜਿੰਦਰ ਸਿੰਘ ਗਿੱਲ, ਜਗਦੀਸ਼ ਸਿੰਘ ਬਮਰਾਹ ਅਤੇ ਪ੍ਰੋ ਸਰਚਾਂਦ ਸਿੰਘ ਮੌਜੂਦ ਸਨ।

# ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਅਸੋਸੀਏਸ਼ਨ 28 ਜੂਨ ਤੋ 30 ਜੂਨ ਤੱਕ ਰੋਜਾਨਾ 2 ਘੰਟਿਆਂ ਦੀ ਹੜਤਾਲ 'ਤੇ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸਰਕਾਰੀ ਹਸਪਤਾਲ ਵਿੱਚ ਤੇਇਨਾਤ ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ ਆਪਣੀਆਂ ਮੰਗਾਂ ਨੂੰ ਲੈ ਕੇ 28 ਜੂਨ ਤੋ 30 ਜੂਨ ਤੱਕ ਸਵੇਰੇ 9 ਵਜੇ ਤੋ 11 ਵਜੇ ਤੱਕ ਰੋਜਾਨਾ 2 ਘੰਟਿਆਂ ਦੀ ਹੜਤਾਲ ਤੇ ਹਨ।ਅਤੇ ਰੋਜਾਨਾ ਹਸਪਤਾਲ ਦੇ ਬਾਹਰ ਰੋਸ਼ ਪ੍ਰਦਰਸ਼ਨ ਕਰ ਰਹੇ ਹਨ। ਐਸੋਸੀਏਸ਼ਨ ਦੇ ਚੇਅਰਮੈਨ ਪ੍ਰਕਾਸ਼ ਸਿੰਘ ਨੇ ਕਿਹਾ ਸਰਕਾਰ ਸਾਡੇ ਨਾਲ ਧੱਕਾ ਕਰ ਰਹੀ ਹੈ,।ਕੋਰੋਨਾ ਮਹਾਂਮਾਰੀ ਦੋਰਾਨ ਸਬ ਤੋ ਵੱਧ ਕੰਮ ਕਰਨ ਵਾਲਿਆਂ ਦੀ ਸਰਕਾਰ ਸੁਣਵਾਈ ਨਹੀਂ ਕਰ ਰਹੀ।ਆਪਣੀਆਂ ਮੰਗਾਂ ਸੰਬੰਧੀ ਪੱਤਰ ਸਿਹਤ ਮੰਤਰੀ, ਚੀਫ ਸੈਕਟਰੀ,ਪ੍ਰਮੁੱਖ ਸਕੱਤਰ, ਡਾਇਰੈਕਟਰ ਸਿਹਤ ਵਿਭਾਗ, ਅਤੇ ਡਾਇਰੈਕਟਰ ਰੀਸਰਚ ਐਂਡ ਮੈਡੀਕਲ ਐਜੂਕੇਸ਼ਨ ਪੰਜਾਬ ਨੂੰ ਭੇਜੇ ਗਏ ਹਨ। ਉਨ੍ਹਾਂ ਕਿਹਾ ਜਦੋਂ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਸੰਘਰਸ਼ ਜਾਰੀ ਰਹੇਗਾ।



# ਐਸਐਸਪੀ ਨੇ ਸੁਰੱਖਿਆ ਅਤੇ ਚੋਕਸੀ ਵਧਾਉਣ ਲਈ ਕਪੂਰਥਲਾ ਅਤੇ ਫਗਵਾੜਾ ਵਿੱਚ ਸੇਫ ਸਿਟੀ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ

## 24 ਹਾਈ-ਟੈਕ ਪੀਸੀਆਰ ਮੋਟਰਸਾਈਕਲਾਂ, 3 ਆਰਆਰਆਰਪੀ ਗੱਡੀਆਂ ਅਤੇ ਪੁਲਿਸ ਮੁਲਾਜ਼ਮਾਂ ਦੀਆਂ 3 ਟੀਮਾਂ ਨੂੰ ਤਾਇਨਾਤ ਕੀਤਾ

**ਕਪੂਰਥਲਾ।** ਚੌਵੀ ਘੰਟੇ ਨਿਗਰਾਨੀ ਅਤੇ ਪ੍ਰਭਾਵਸ਼ਾਲੀ ਪੁਲਿਸਿੰਗ ਨੂੰ ਯਕੀਨੀ ਬਣਾਉਣ ਲਈ ਕਪੂਰਥਲਾ ਪੁਲਿਸ ਨੇ ਅੱਜ ਪੀਸੀਆਰ ਮੋਟਰਸਾਈਕਲਾਂ ਅਤੇ ਰੈਪਿਡ ਰੂਰਲ ਰਿਸਪਾਂਸ ਪੁਲਿਸ (ਆਰਆਰਆਰਪੀ) ਵਾਹਨਾਂ ਨੂੰ ਇਲਾਕੇ ਵਿਚ ਤਾਇਨਾਤ ਕਰ ਕੇ ਸੇਫ ਸਿਟੀ ਪ੍ਰੋਜੈਕਟ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕੀਤੀ। ਸੀਨੀਅਰ ਸੁਪਰਡੈਂਟ ਪੁਲਿਸ ਹਰਕਮਲਪ੍ਰੀਤ ਸਿੰਘ ਖੱਖ ਨੇ 24 ਪੀਸੀਆਰ ਵਾਹਨਾਂ ਅਤੇ ਤਿੰਨ ਆਰਆਰਆਰ ਪੁਲਿਸ ਵਾਹਨਾਂ ਨੂੰ ਹਰੀ ਝੰਡੀ ਦਿੰਦੇ ਹੋਏ ਕਿਹਾ ਕਿ ਇਹ ਪੀਸੀਆਰ ਮੋਟਰਸਾਈਕਲ ਅਤੇ ਰੈਪਿਡ ਰੂਰਲ ਰਿਸਪਾਂਸ ਵਾਹਨ ਕਪੂਰਥਲਾ ਅਤੇ ਫਗਵਾੜਾ ਸ਼ਹਿਰਾਂ ਦੇ ਕੋਨੇ-ਕੋਨੇ ਵਿਚ ਘੁੰਮਣਗੇ। ਉਨ੍ਹਾਂ ਕਿਹਾ ਕਿ ਇਹ ਟੀਮਾਂ ਕਿਸੇ ਵੀ ਅਪਰਾਧ ਸਬੰਧੀ ਜਾਣਕਾਰੀ ਜਾਂ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਜਾਣਕਾਰੀ ਮਿਲਣ ਤੋਂ 20 ਮਿੰਟਾਂ ਦੇ ਅੰਦਰ ਅੰਦਰ ਪਹੁੰਚਣਗੀਆਂ ਅਤੇ ਆਪਣਾ ਕੰਮ ਸ਼ੁਰੂ ਕਰਨਗੀਆਂ। ਸੇਫ ਸਿਟੀ ਕਪੂਰਥਲਾ ਪ੍ਰਾਜੈਕਟ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਵਿੱਚ ਐਸਐਸਪੀ ਨੇ ਕਿਹਾ ਕਿ ਇਹ ਕਦਮ ਆਮ ਲੋਕਾਂ ਲਈ ਇੱਕ ਸੁਰੱਖਿਅਤ ਸ਼ਹਿਰ ਨੂੰ ਯਕੀਨੀ ਬਣਾਏਗਾ ਅਤੇ ਪ੍ਰਾਜੈਕਟ ਦਾ ਮੁੱਖ ਉਦੇਸ਼ ਲੋਕਾਂ ਵਿੱਚ ਪੁਲਿਸ ਦੀ ਨਿਗਰਾਨੀ ਨੂੰ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਟ੍ਰੈਫਿਕ ਪ੍ਰਬੰਧਨ, ਸ਼ੱਕੀ ਲੋਕਾਂ ਦੀ ਨਿਗਰਾਨੀ, ਮਹੱਤਵਪੂਰਣ ਸਥਾਪਤੀਆਂ ਦੀ ਨਿਗਰਾਨੀ, ਸਮਾਜ-ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ 'ਤੇ ਨਿਯਮਤ ਨਜ਼ਰ ਰੱਖਣ ਦੇ ਨਾਲ-ਨਾਲ ਜਨਤਕ ਥਾਵਾਂ ਦੀ ਨਿਗਰਾਨੀ ਕੀਤੀ ਜਾਏਗੀ ਅਤੇ ਆਫ਼ਤ ਪ੍ਰਬੰਧਨ ਵਿਚ ਵੀ ਸਹਾਇਤਾ ਮਿਲੇਗੀ।

ਐਸਐਸਪੀ ਨੇ ਕਿਹਾ ਕਿ ਪੇਸ਼ੇਵਰ ਤੌਰ ਤੇ ਅਨੁਭਵੀ ਪੁਲਿਸ ਮੁਲਾਜ਼ਿਮਾਂ ਅਤੇ ਤਕਨੀਕੀ ਤੌਰ ਤੇ ਲੋੜੀਂਦੇ ਸਮਾਨ ਨਾਲ ਲੈਸ ਮੋਟਰਸਾਈਕਲਾਂ ਅਤੇ ਰੈਪਿਡ ਰੂਰਲ ਰਿਸਪਾਂਸ ਪੁਲਿਸ (ਆਰਆਰਆਰਪੀ) ਵਾਹਨਾਂ ਦੇ ਨਾਲ ਸਾਰੇ ਸ਼ਹਿਰ ਨੂੰ ਕਵਰ ਕੀਤਾ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਫਗਵਾੜਾ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਨੂੰ ਸੰਭਾਲਣ ਲਈ ਤਿੰਨ ਵਿਸ਼ੇਸ਼ ਪੁਲਿਸ ਟੀਮਾਂ ਦਾ ਵੀ ਗਠਨ ਕੀਤਾ ਗਿਆ ਹੈ। ਪਹਿਲਾਂ ਟ੍ਰੈਫਿਕ ਪੁਲਿਸ ਦੇ ਕਰਮਚਾਰੀ ਡਿਊਟੀ ਲਈ ਖਾਸ ਥਾਵਾਂ 'ਤੇ ਤਾਇਨਾਤ ਕੀਤੇ ਜਾਂਦੇ ਸਨ, ਪਰ ਹੁਣ ਟ੍ਰੈਫਿਕ ਪੁਲਿਸ ਮੋਬਾਈਲ ਡਿਊਟੀ ਕਰੇਗੀ ਅਤੇ ਟ੍ਰੈਫਿਕ ਜਾਮ ਦੀ ਜਾਣਕਾਰੀ ਮਿਲਣ' ਤੇ ਉਸ ਥਾਂ ਪਹੁੰਚ ਕੇ ਟ੍ਰੈਫਿਕ 'ਤੇ ਕਾਬੂ ਪਾਉਣਗੇ, ਜਿਥੇ ਉਨ੍ਹਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇਗਾ।ਐਸਐਸਪੀ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ, 12 ਪੀਸੀਆਰ



ਮੋਟਰਸਾਈਕਲ ਫਗਵਾੜਾ ਉਪ ਮੰਡਲ ਵਿੱਚ 24 ਘੰਟੇ ਡਿਊਟੀ 'ਤੇ ਤਾਇਨਾਤ ਰਹਿਣਗੇ ਅਤੇ ਸ਼ਹਿਰ ਵਿੱਚ ਟ੍ਰੈਫਿਕ ਪ੍ਰਬੰਧਨ ਲਈ ਤਿੰਨ ਵਿਸ਼ੇਸ ਮੋਬਾਈਲ ਪੁਲਿਸ ਦਲ ਵੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਦਲ ਟ੍ਰੈਫਿਕ ਨੂੰ ਨਿਯੰਤਰਿਤ ਕਰਨ ਵਿੱਚ ਸਹਾਈ ਹੋਣਗੇ ਅਤੇ ਸੜਕਾਂ ਤੋਂ ਕੀਤੇ ਗਏ ਕਬਜ਼ੇ ਵੀ ਹਟਵਾਉਣਗੇ ਤਾਂ ਜੋ ਟ੍ਰੈਫਿਕ ਸੁਚਾਰੂ ਢੰਗ ਨਾਲ ਚਲ ਸਕੇ।

ਐਸਐਸਪੀ ਖੱਖ ਨੇ ਦੱਸਿਆ ਕਿ ਕਪੂਰਥਲਾ ਪੁਲਿਸ ਦੇ ਅਧਿਕਾਰੀ ਸ਼ਹਿਰ ਅਤੇ ਬਾਜ਼ਾਰਾਂ ਵਿੱਚ ਆਵਾਜਾਈ ਦੇ ਬਿਨਾਂ ਰੁਕਾਵਟ ਵਹਾਅ ਲਈ ਅਤੇ ਨਜਾਇਜ ਕਬਜੇ ਹਟਵਾਉਣ ਲਈ ਕੌਂਸਲ ਅਧਿਕਾਰੀਆਂ ਦੇ ਨਾਲ ਨਾਲ ਦੁਕਾਨਦਾਰਾਂ ਦੀਆਂ ਐਸੋਸੀਏਸ਼ਨਾਂ ਅਤੇ ਸ਼ਹਿਰ ਵਿੱਚ ਹੋਰ ਐਸੋਸੀਏਸ਼ਨਾਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭੀੜ ਵਾਲੇ ਇਲਾਕਿਆਂ ਵਿੱਚ ਪੀਲੀ ਲਾਈਨ ਮਾਰਕਿੰਗ ਕਰਵਾਈ ਜਾਏਗੀ ਅਤੇ ਸ਼ਹਿਰ ਵਿੱਚ ਇਸ ਲਾਈਨ ਦੇ ਅੱਗੇ ਕਿਸੇ ਵੀ ਤਰ੍ਹਾਂ ਦੇ ਕਬਜ਼ੇ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਪੜਾਅ ਵਿੱਚ ਕਪੂਰਥਲਾ ਸ਼ਹਿਰ ਵਿੱਚ 12 ਪੀਸੀਆਰ ਮੋਟਰਸਾਈਕਲਾਂ ਵੀ ਨੇ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਜਲਦੀ ਹੀ ਅਗਲੇ ਪੜਾਅ ਵਿੱਚ ਅਸੀਂ ਇਸ ਪ੍ਰਾਜੈਕਟ ਤਹਿਤ ਸੁਲਤਾਨਪੁਰ ਲੋਧੀ ਅਤੇ ਭੁਲੱਥ ਉਪ ਮੰਡਲਾਂ ਨੂੰ ਕਵਰ ਕਰਾਂਗੇ।

# ਪੰਜਾਬ ਸਰਕਾਰ ਲਾਠੀ ਦਾ ਰਾਹ ਛੱਡਕੇ ਕੱਚੇ ਅਧਿਆਪਕਾਂ ਨਾਲ ਪੱਕੇ ਕਰਨ ਦਾ ਕੀਤਾ ਵਾਅਦਾ ਪੂਰਾ ਕਰੇ:ਜੀਟੀਯੂ ਪੰਜਾਬ(ਵਿਗਿਆਨਿਕ )

**ਐਸ ਏ ਐਸ ਨਗਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ(ਵਿਗਿਆਨਿਕ ) ਨੇ ਮੋਹਾਲੀ ਵਿਖੇ ਹੱਕ ਮੰਗਦੇ ਕੱਚੇ ਅਧਿਆਪਕਾਂ ਤੇ ਚੰਡੀਗੜ ਪੁਲਿਸ ਵੱਲੋਂ ਜਲ ਤੋਪਾਂ ਤੇ ਲ਼ਾਠੀਚਾਰਜ ਕਰਨ ਦੀ ਘੋਰ ਨਿੰਦਾ ਕੀਤੀ। ਸੂਬਾ ਪ੍ਰਧਾਨ ਹਰਜੀਤ ਬਸੋਤਾ, ਸੁਰਿੰਦਰ ਕੰਬੋਜ, ਨਵਪ੍ਰੀਤ ਬੱਲੀ, ਐਨ ਡੀ ਤਿਵਾੜੀ ਨੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਪੰਦਰਾਂ-ਪੰਦਰਾਂ ਸਾਲਾਂ ਤੋਂ ਨਿਗੂਣੀ ਤਨਖਾਹਾਂ ਤੇ ਕਾਰਜ ਕਰ ਰਹੇ ਅਧਿਆਪਕਾਂ ਨੂੰ ਘਰ ਘਰ ਨੌਕਰੀ ਦੇਣ ਵਾਲੀ ਪੰਜਾਬ ਸਰਕਾਰ ਲ਼ਾਠੀ ਤੇ ਪਾਣੀ ਦੀ ਬੌਛਾਰਾਂ ਨਾਲ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰ ਰਹੀ ਹੈ। ਇਹ ਕੱਚੇ ਅਧਿਆਪਕ 16 ਜੂਨ ਤੋਂ ਲਗਾਤਾਰ ਮੋਹਾਲੀ ਵਿੱਦਿਆ ਦਫਤਰ ਮੂਹਰੇ ਆਪਣੇ ਹੱਕਾਂ ਲਈ ਲਗਾਤਾਰ ਦਿਨ ਰਾਤ ਸੰਘਰਸ਼ ਤੇ ਬੈਠੇ ਹਨ ਜਿੰਨਾ ਵਿੱਚ ਔਰਤ ਅਧਿਆਪਕਾਂ ਬਹੁਤ ਜਿਆਦਾ ਤਾਦਾਦ ਵਿੱਚ ਸ਼ਾਮਿਲ ਹਨ ਪਰ ਸਰਕਾਰ ਇਹਨਾਂ ਦੀ ਮੰਗਾ ਦਾ ਹੱਲ ਕੱਢਣ ਦੀ ਬਜਾਏ, ਇਹਨਾਂ ਨੂੰ ਲਾਰਿਆਂ ਦੀਆ ਪੰਡਾਂ ਹੀ ਥਮਾ ਰਹੀ ਹੈ। ਸਰਕਾਰ ਇਹਨਾਂ ਨਾਲ ਕੀਤੇ ਵਾਅਦੇ ਪੂਰੇ ਕਰ ਕੇ ਇਹਨਾਂ ਦਾ ਰੁਜ਼ਗਾਰ ਪੱਕੇ ਕਰੇ। ਇਸ ਮੌਕੇ ਕੰਵਲਜੀਤ ਸੰਗੋਵਾਲ, ਬਿਕਰਮਜੀਤ ਸਿੰਘ ਸ਼ਾਹ, ਜਰਨੈਲ ਸਿੰਘ ਮਿੱਠੇਵਾਲ, ਸੋਮ ਸਿੰਘ, ਜਤਿੰਦਰ ਸਿੰਘ ਸੋਨੀ, ਸਾਧੂ ਸੰਘ ਜੱਸਲ, ਗੁਰਜੀਤ ਸਿੰਘ ਮੋਹਾਲੀ, ਸੁੱਚਾ ਸਿੰਘ ਚਾਹਲ, ਜਗਦੀਪ ਸਿੰਘ ਜੌਹਲ, ਅਸ਼ਵਨੀ ਸ਼ਰਮਾ, ਰਘਬੀਰ ਬੱਲ, ਅਮਰਜੀਤ ਕੁਮਾਰ, ਕਮਲ ਕੁਮਾਰ, ਧਰਮਿੰਦਰ ਠਾਕਰੇ ਨੇ ਕੱਚੇ ਅਧਿਆਪਕਾ ਦੇ ਹੱਕੀ ਸੰਘਰਸ਼ ਦਾ ਹੱਲ ਕੱਢਣ ਦੀ ਬਜਾਏ ਸ਼ਾਤਮਈ ਰੋਸ ਮਾਰਚ ਤੇ ਜਲ ਤੋਪਾਂ ਤੇ ਲਾਠੀ-ਚਾਰਜ ਦੀ ਡੱਟਵੀ ਨਿਖੇਧੀ ਕੀਤੀ।



# ਪਾਵਰਕਾਮ ਵਲੋਂ ਲਾਏ ਜਾ ਰਹੇ ਅਣਐਲਾਨੇ ਪਾਵਰ ਕੱਟਾਂ ਨੇ ਆਮ ਜਨਤਾ ਕਾਰੋਬਾਰ ਕੀਤਾ ਠੱਪ: ਠਾਕੁਰ ਓਂਕਾਰ ਸਿੰਘ, ਠਾਕੁਰ ਪਵਨ ਕੁਮਾਰ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)**ਪੰਜਾਬ ਸਰਕਾਰ ਦੇ ਜਨਤਾ ਨੂੰ 24 ਘੰਟੇ ਬਿਨਾਂ ਕੋਈ ਪਾਵਰ ਕੱਟ ਲਾਏ ਬਿਜਲੀ ਦੇਣ ਦੇ ਦਾਹਵਿਆਂ ਦੀ ਜੂਨ ਮਹੀਨੇ ਦੇ ਵਿਚ ਹੀ ਹਵਾ ਨਿਕਲ ਗਈ ਹੈ ਅਤੇ ਪਾਵਰਕੌਮ ਵਲੋਂ ਅਣ ਐਲਾਨੇ ਪਾਵਰ ਕੱਟਾਂ ਨੇ ਦੁਕਾਨਦਾਰ ਭਰਾਵਾਂ ਅਤੇ ਸਾਰੇ ਕਾਰੋਬਾਰੀਆਂ ਦਾ ਕੰਮਕਾਜ ਪੁਰੀ ਤਰਾਂ ਠੱਪ ਕਰ ਦਿਤਾ ਹੈ ਅਤੇ ਉਹਨਾ ਦੀ ਮਾਲੀ ਹਾਲਤ ਦੀਨੋ ਦਿਨੀ ਪਤਲੀ ਹੁੰਦੀ ਜਾ ਰਹੀ ਹੈ। ਇਹ ਵਿਚਾਰ ਬਹਿਚੂੜ ਦੇ ਵਸਨੀਕ ਅਤੇ ਪ੍ਰਸਿੱਧ ਸਮਾਜ ਸੇਵਕ ਠਾਕੁਰ ਓਂਕਾਰ ਸਿੰਘ ਅਤੇ ਉਹਨਾਂ ਦੇ ਮਿੱਤਰ ਠਾਕੁਰ ਪਵਨ ਕੁਮਾਰ ਨੇ ਪ੍ਰਗਟ ਕੀਤੇ।ਠਾਕੁਰ ਪਵਨ ਕੁਮਾਰ ਨੇ ਕਿਹਾ ਕਿ ਪਹਿਲਾਂ ਲੋਕ ਕਰੋਨਾ ਨਾਲ ਮਰ ਰਹੇ ਸਨ ਅਤੇ ਹੁਣ ਪਾਵਰਕਾਮ ਵਲੋਂ ਲਾਏ ਜਾ ਰਹੇ ਲੰਮੇ ਲੰਮੇ ਪਾਵਰ ਕੱਟਾਂ ਕਾਰਨ ਲੋਕ ਪਿਆਸੇ ਮਰਨ ਨੂੰ ਮਜਬੂਰ ਹੋ ਜਾਣਗੇ। ਉਹਨਾਂ ਕਿਹਾ ਕਿ ਉਪਰ ਤੋਂ ਅੱਤ ਦੀ ਗਰਮੀ ਅਤੇ ਦੂਜੇ ਪਾਸੇ ਪਾਵਰਕੌਮ ਵਲੋਂ ਲਾਏ ਜਾ ਰਹੇ ਪਾਵਰ ਕੱਟ ਕਾਰਨ ਲੋਕ ਪ੍ਰੇਸ਼ਾਨ ਹਨ।ਇਕ ਪਾਸੇ ਲੋਕਾਂ ਦੇ ਬਿਜਲੀ ਤੇ ਨਿਰਭਰ ਕਾਰੋਬਾਰ ਪ੍ਰਭਾਵਿਤ ਹੋ ਰਹੇ ਹਨ।ਦੂਜੇ ਪਾਸੇ ਬਿਜਲੀ ਦੇ ਕੱਟਾਂ ਕਾਰਣ ਜਲ ਸਪਲਾਈ ਦੀਆਂ ਸਕੀਮਾਂ ਵੀ ਪ੍ਰਭਾਵਿਤ ਹੋ ਰਹੀਆਂ ਹਨ ਅਤੇ ਲੋਕਾਂ ਨੂੰ ਪੀਣ ਵਾਲਾ ਪਾਣੀ ਵੀ ਉਚਿਤ ਮਾਤਰਾ ਵਿੱਚ ਨਹੀਂ ਮਿਲ ਰਿਹਾ।ਉਹਨਾਂ ਪੰਜਾਬ ਸਰਕਾਰ ਨੂੰ ਮੰਗ ਕੀਤੀ ਕਿ ਉਹ



ਆਪਣਾ ਵੋਟਾਂ ਵਿਚ ਕੀਤਾ ਵਾਅਦਾ ਪੂਰਾ ਕਰੇ ਅਤੇ ਪੰਜਾਬ ਦੀ ਜਨਤਾ ਨੂੰ 24 ਘੰਟੇ ਬਿਨਾਂ ਪਾਵਰ ਕੱਟ ਲਾਏ ਬਿਜਲੀ ਦੇਵੇ ਨਹੀਂ ਤਾਂ ਇਸ ਵਾਰ ਦੀਆ ਚੋਣਾਂ ਵਿਚ ਲੋਕ ਉਹਨਾਂ ਦੀ ਪਾਰਟੀ ਦੇ ਉਮੀਦਵਾਰਾਂ ਦਾ ਹੂੰਝਾ ਫੇਰ ਦੇਣਗੇ।

# ਬਿਜਲੀ ਦੀਆਂ ਤਾਰਾਂ ਦੇ ਸੰਪਰਕ ਵਿੱਚ ਆਉਣ ਕਾਰਨ ਇੱਕ ਨੌਜਵਾਨ ਦੀ ਕਰੰਟ ਲੱਗਣ ਕਾਰਨ ਹੋਈ ਮੌਤ

**ਤਲਵਾੜਾ, ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਤਲਵਾੜਾ ਦੌਲਤਪੁਰ ਰੋਡ 'ਤੇ ਦੁਸੜਕਾ ਨੇੜੇ ਗੁਰਦੀਪ ਪੁੱਤਰ ਸ੍ਰੀ ਗਿਆਨ ਚੰਦ ਦੀ ਦੁਕਾਨ ਦੇ ਨਜ਼ਦੀਕ ਬਿਜਲੀ ਦੀਆਂ ਤਾਰਾਂ ਦੇ ਸੰਪਰਕ ਵਿੱਚ ਆਉਣ' ਕਰਕੇ ਉਸ ਦੀ ਮੌਤ ਹੋ ਗਈ ਅਤੇ ਪਿੰਡ ਰਾਜਵਾਲ ਪੰਕੂ ਨਾਂ ਦਾ ਇੱਕ ਹੋਰ ਵਸਨੀਕ ਬੁਰੀ ਤਰ੍ਹਾਂ ਝੁਲਸ ਗਿਆ। ਹਾਦਸੇ ਦੀ ਜਾਣਕਾਰੀ ਮਿਲਣ 'ਤੇ ਹਲਕਾ ਵਿਧਾਇਕ ਦਸੂਹਾ ਅਰੁਣ ਡੋਗਰਾ ਬੀ ਬੀ ਐਮ ਬੀ ਹਸਪਤਾਲ ਤਲਵਾੜਾ ਪਹੁੰਚੇ ਅਤੇ ਨੌਜਵਾਨ ਦੇ ਮਾਪਿਆਂ ਨੂੰ ਦਿਲਾਸਾ ਦਿੱਤਾ। ਵਿਧਾਇਕ ਨੇ ਹਸਪਤਾਲ ਅਤੇ ਪੁਲਿਸ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਕਿ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਸਾਰੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਜਲਦੀ ਮਾਪਿਆਂ





ਦੇ ਹਵਾਲੇ ਕੀਤਾ ਜਾਵੇ। ਵਿਧਾਇਕ ਨੇ ਮ੍ਰਿਤਕ ਦੇ ਪਰਿਵਾਰ ਵਾਲਿਆਂ ਨੂੰ ਇਸ ਮੁਸ਼ਕਲ ਸਮੇਂ ਵਿੱਚ ਹੌਂਸਲਾ ਰੱਖਣ ਲਈ ਦਿਲਾਸਾ ਪ੍ਰਗਟਾਇਆ ਅਤੇ ਵਿਛੜੀ ਰੂਹ ਦੀ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ।



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਪਠਾਨਕੋਟ ਰੋਡ ਤੋਂ ਪਿੰਡ ਬੁਲੰਦਪੁਰ ਨੂੰ ਜਾਣ ਵਾਲੀ ਨਵੀਂ ਬਣ ਰਹੀ ਸੜਕ ਦਾ ਉਦਘਾਟਨ ਕਰਦੇ ਹੋਏ ਚੋਧਰੀ ਸੁਰਿੰਦਰ ਸਿੰਘ, ਐੱਮ ਐੱਲ ਏ ਕਰਤਾਰਪੁਰ। ਨਾਲ ਖੜ੍ਹੇ ਇਲਾਕਾ ਨਿਵਾਸੀ ਤੇ ਪਾਰਟੀ ਵਰਕਰ।